



People's Herald

People's Herald



Rs- 100/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610



"Equality and Justice"

स्वतंत्रता, समानता, भाईचारा

PATIALA On line paper 13 ਜੁਲਾਈ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## ਵਿਧਾਇਕ ਕੁਲਵੰਤ ਸਿੰਘ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਵਜੋਂ ਅਹੁਦਾ ਸੰਭਾਲਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ INTERNATIONAL PAPER, 94636 01616 hardipchumber57@gmail.com

ਮੁੱਲਾਪੁਰ ਵਿਖੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਹੋਈ ਚੋਣ ਤੋਂ ਬਾਅਦ ਅੱਜ ਹਲਕਾ ਮੋਹਾਲੀ ਤੋਂ ਵਿਧਾਇਕ ਸ. ਕੁਲਵੰਤ ਸਿੰਘ ਨੇ ਸਕੱਤਰ, ਅਮਰਜੀਤ ਮਹਿਤਾ ਪ੍ਰਧਾਨ, ਦੀਪਕ ਬਾਲੀ ਵਾਈਸ ਪ੍ਰਧਾਨ ਅਤੇ ਸੁਨੀਲ ਗੁਪਤਾ ਨੇ ਖ਼ਜ਼ਾਨਚੀ ਵਜੋਂ ਅਹੁਦਾ ਸੰਭਾਲ ਲਿਆ ਹੈ |

ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਕਮੇਟੀ ਨੇ ਅੱਜ ਚੋਣ ਪ੍ਰਕਿਰਿਆ ਨੂੰ ਮੁਕੰਮਲ ਕਰਦਿਆਂ ਅਹੁਦੇਦਾਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਹਨ | ਇਸ ਦੌਰਾਨ ਵਿਧਾਇਕ ਸ. ਕੁਲਵੰਤ ਸਿੰਘ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣਗੇ | ਸ. ਕੁਲਵੰਤ ਸਿੰਘ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਚੋਣ ਅਫ਼ਸਰ ਅਤੇ ਕਮੇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਚੋਣ ਪ੍ਰਕਿਰਿਆ ਨੂੰ ਵਧੀਆ ਢੰਗ ਨਾਲ ਮੁਕੰਮਲ ਕੀਤਾ ਹੈ | ਉਨ੍ਹਾਂ ਕਿਹਾ ਕਿ ਇਸਦੇ ਸਾਰੇ ਮੈਂਬਰਾਂ ਦੀ ਨਿਯੁਕਤੀ ਸਰਬਸੰਮਤੀ ਨਾਲ ਕੀਤੀ ਗਈ ਹੈ |




ਸ. ਕੁਲਵੰਤ ਸਿੰਘ ਨੇ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਤੇ ਕ੍ਰਿਕਟ ਖੇਡ ਸਮੇਤ ਉੱਭਰ ਨਵੇਂ ਖਿਡਾਰੀਆਂ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਦੇ ਯਤਨ ਕਰਨਗੇ | ਉਨ੍ਹਾਂ ਕਿਹਾ ਕਿ ਪੰਜਾਬ 'ਚ ਆਉਣ ਵਾਲਾ ਸਮਾਂ ਖਿਡਾਰੀਆਂ ਦਾ ਹੈ | ਪੰਜਾਬ 'ਚ ਖੇਡਾਂ ਨੂੰ ਲੈ ਕੇ ਕਾਫ਼ੀ ਰੁਚੀ ਹੈ ਉਹ ਚਾਹੇ ਕ੍ਰਿਕਟ, ਕਬੱਡੀ, ਹਾਕੀ ਜਾਂ ਹੋਰ ਖੇਡਾਂ ਕਿਉਂ ਨਾ ਹੋਣ | ਪੰਜਾਬ ਦੀ ਹਰ ਗਲੀ-ਮਹੱਲੇ ਅਤੇ ਖਾਸ ਕਰਕੇ ਪਿੰਡ 'ਚ ਵੀ ਕ੍ਰਿਕਟ ਅਤੇ ਹੋਰ ਵੱਖ-ਵੱਖ ਖੇਡਾਂ ਦੇ ਟੂਰਨਾਮੈਂਟ ਕਰਵਾਏ ਜਾਂਦੇ ਹਨ | ਉਨ੍ਹਾਂ ਕਿਹਾ ਕ੍ਰਿਕਟ 'ਚ ਉੱਭਰ ਰਹੇ ਨਵੇਂ ਨੌਜਵਾਨਾਂ ਨੂੰ ਅੱਗੇ ਲਿਆਉਣ ਦੇ ਯਤਨ ਕੀਤੇ ਜਾਣਗੇ |

ਸ. ਕੁਲਵੰਤ ਸਿੰਘ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ, ਸ. ਭਗਤਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪੰਜਾਬ 'ਚ ਖੇਡਾਂ ਨੂੰ ਹੋਰ ਵੀ ਪ੍ਰਫੁਲਿਤ ਕੀਤਾ ਜਾ ਰਿਹਾ ਹੈ | ਆਉਣ ਵਾਲੇ ਸਮੇਂ 'ਚ ਪੰਜਾਬ ਖੇਡਾਂ ਦੇ ਮੁਕਾਬਲੇ 'ਚ ਦੇਸ਼ ਹੀ ਨਹੀਂ ਬਲਕਿ ਦੁਨੀਆਂ ਭਰ 'ਚ ਬੁਲੰਦੀਆਂ ਨੂੰ ਛੂਹੇਗਾ |

## ਭਾਰਤ ਵਿੱਚ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਕੀਤੀ ਸਖਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ INTERNATIONAL PAPER, 94636 01616 hardipchumber57@gmail.com

ਭਾਰਤ ਵਿੱਚ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਅਮਰੀਕੀ ਵੀਜ਼ਾ ਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਚੇਤਾਵਨੀ ਵਿਚ ਸਾਫ਼ ਕਿਹਾ ਗਿਆ ਹੈ ਕਿ ਅਜਿਹਾ ਕਰਨ ਵਿੱਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰ ਕੇ ਸਬੰਧਤ ਵਿਅਕਤੀ ਨੂੰ ਅਮਰੀਕਾ ਵਿਚੋਂ ਡਿਪੋਰਟ ਕੀਤਾ ਜਾ ਸਕਦਾ ਹੈ।




ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਕਿਹਾ, "ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ।"

ਗ਼ੌਰਤਲਬ ਹੈ ਕਿ ਪਹਿਲਾਂ ਅਮਰੀਕਾ ਨੇ ਇੱਕ ਸਲਾਹ ਜਾਰੀ ਕੀਤੀ ਸੀ ਜਿਸ ਵਿੱਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਵੀਜ਼ਾ ਖ਼ਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮੱਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।

## ਆਪ ਆਗੂ ਦਾ ਕਰੀਬੀ ਰਿਸ਼ਤੇਦਾਰ 25 ਗਰਾਮ ਹੈਰੋਇਨ ਸਮੇਤ ਕਾਬੂ ਕੀਤਾ

### ਆਪ ਆਗੂ ਤੇ ਉਸ ਦੀ ਪਤਨੀ ਨੇ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਛੁਡਾਉਣ ਲਈ ਪੂਰੀ ਵਾਹ ਲਾਈ,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ INTERNATIONAL PAPER, 94636 01616 hardipchumber57@gmail.com

ਇੱਥੋਂ ਦੀ ਪੁਲੀਸ ਵੱਲੋਂ ਦੋ ਵਿਅਕਤੀਆਂ ਨੂੰ 25 ਗਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਕਾਬੂ ਕੀਤੇ ਗਏ ਦੋਵੇਂ ਸਕੇ ਭਰਾ ਹਨ ਜੋ ਆਨੰਦਪੁਰ ਸਾਹਿਬ ਦੇ ਇੱਕ ਆਪ ਆਗੂ ਦੇ ਕਰੀਬੀ ਰਿਸ਼ਤੇਦਾਰ ਦੱਸੇ ਜਾ ਰਹੇ ਹਨ। ਐਸ.ਐਚ.ਓ. ਸਦਰ ਰੂਪਨਗਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਚੌਕੀ ਘਨੌਲੀ ਦੇ ਇੰਚਾਰਜ ਸੋਹਣ ਸਿੰਘ ਵੱਲੋਂ ਏ.ਐਸ.ਆਈ. ਰਾਜ ਕੁਮਾਰ, ਸਿਪਾਹੀ ਸਤਿੰਦਰਪਾਲ ਸਿੰਘ ਤੇ ਮਹਿਲਾ ਸੀਨੀਅਰ ਸਿਪਾਹੀ ਸੁਮਨ ਦੇਵੀ ਸਮੇਤ ਬਾਅਦ ਦੁਪਹਿਰ ਗਸ਼ਤ ਕੀਤੀ ਜਾ ਰਹੀ ਸੀ, ਜਿਸ ਦੌਰਾਨ ਦਾਣਾ ਮੰਡੀ ਘਨੌਲੀ ਦੇ ਸ਼ੈਡ ਥੱਲੇ ਦੋ ਨੌਜਵਾਨ ਬੈਗ ਦੀ ਤਲਾਸ਼ੀ ਲੈ ਰਹੇ ਹਨ ਜੋ ਪੁਲੀਸ ਨੂੰ ਦੇਖ ਕੇ ਘਬਰਾ ਗਏ। ਤਲਾਸ਼ੀ ਲੈਣ 'ਤੇ ਇਸ ਵਿਚੋਂ ਹੈਰੋਇਨ ਬਰਾਮਦ ਹੋਈ। ਇਨ੍ਹਾਂ ਦੀ ਪਛਾਣ ਜਤਿੰਦਰ ਕੁਮਾਰ ਉਰਫ ਜਾਨੂੰ ਤੇ ਕਰਨਵੀਰ ਉਰਫ ਕਾਕੂ ਵਾਸੀ ਵਾਰਡ ਨੰਬਰ 4 ਮੁਹੱਲਾ ਅਟਾਰੀ ਵਾਲਾ ਵਜੋਂ ਹੋਈ ਜਿਨ੍ਹਾਂ ਕੋਲੋਂ 25 ਗਰਾਮ ਹੈਰੋਇਨ ਬਰਾਮਦ ਹੋਈ

ਜਾਣਕਾਰੀ ਅਨੁਸਾਰ ਪੁਲੀਸ ਵੱਲੋਂ ਨੌਜਵਾਨਾਂ ਨੂੰ ਫੜੇ ਜਾਣ ਉਪਰੰਤ ਥਾਣੇ ਪੁੱਜੇ ਆਪ ਆਗੂ ਤੇ ਉਸ ਦੀ ਪਤਨੀ ਨੇ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਛੁਡਾਉਣ ਲਈ ਪੂਰੀ ਵਾਹ ਲਾਈ, ਪਰ ਮਾਮਲਾ ਨਸ਼ੇ ਨਾਲ ਜੁੜਿਆ ਹੋਣ ਕਾਰਨ ਉਨ੍ਹਾਂ ਦੀ ਪੁਲੀਸ ਅੱਗੇ ਕੋਈ ਪੇਸ਼ ਨਹੀਂ ਚੱਲੀ। ਚੌਕੀ ਇੰਚਾਰਜ ਸੋਹਣ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿੱਚ ਕਿਸੇ ਵੀ ਵਿਅਕਤੀ ਨਾਲ ਕੋਈ ਢਿੱਲ ਨਹੀਂ ਵਰਤੀ ਜਾਵੇਗੀ ਭਾਵੇਂ ਉਹ ਜਿਹੜੀ ਮਰਜ਼ੀ ਪਾਰਟੀ ਨਾਲ ਜੁੜਿਆ ਹੋਵੇ

## ਬਾਜਵਾ ਨੇ ਪੱਤਰ ਰਾਹੀਂ ਸਪੀਕਰ ਤੋਂ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਮੌਜੂਦਾ ਸਥਿਤੀ ਤੇ ਲੈਂਡ ਪੂਲਿੰਗ ਨੀਤੀ 'ਤੇ ਚਰਚਾ ਕਰਵਾਉਣ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ INTERNATIONAL PAPER, 94636 01616 hardipchumber57@gmail.com

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਕਾਂਗਰਸ ਪਾਰਟੀ ਦੇ ਵਿਧਾਇਕਾਂ ਵੱਲੋਂ ਸੱਤਾਧਾਰੀ ਧਿਰ 'ਤੇ ਵਿਰੋਧੀਆਂ ਨੂੰ ਬੋਲਣ ਨਾ ਦੇਣ ਸਬੰਧੀ ਲਾਏ ਦੋਸ਼ਾਂ ਤੋਂ ਬਾਅਦ ਅੱਜ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਲਿਖਿਆ ਹੈ। ਸ੍ਰੀ ਬਾਜਵਾ ਨੇ ਆਪਣੇ ਪੱਤਰ ਰਾਹੀਂ ਸਪੀਕਰ ਤੋਂ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਮੌਜੂਦਾ ਸਥਿਤੀ ਤੇ ਲੈਂਡ ਪੂਲਿੰਗ ਨੀਤੀ 'ਤੇ ਚਰਚਾ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਆਪਣੇ ਪੱਤਰ ਵਿੱਚ ਕਿਹਾ ਕਿ ਵਿਧਾਨ ਸਭਾ ਸੈਸ਼ਨ ਦਾ ਵਿਸਥਾਰ ਕਾਂਗਰਸ ਪਾਰਟੀ ਦੇ ਵਿਧਾਇਕਾਂ ਦੀ ਮੰਗ ਤੋਂ ਬਾਅਦ ਕੀਤਾ ਗਿਆ ਹੈ। ਇਸ ਲਈ 14 ਤੇ 15 ਜੁਲਾਈ ਨੂੰ ਹੋਣ ਵਾਲੇ ਵਿਸ਼ੇਸ਼ ਇਜਲਾਸ ਦੌਰਾਨ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਲੈਂਡ ਪੂਲਿੰਗ ਨੀਤੀ 'ਤੇ ਇੱਕ-ਇੱਕ ਦਿਨ ਵਿਚਾਰ-ਚਰਚਾ ਕਰਵਾਈ ਜਾਣੀ ਚਾਹੀਦੀ ਹੈ।

ਸ੍ਰੀ ਬਾਜਵਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਬੇਅਦਬੀ ਵਿਰੁੱਧ ਬਿੱਲ ਲਿਆਉਣ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਗਿਆ ਸੀ ਪਰ ਇਹ ਬਿੱਲ ਵਿਚਕਾਰ ਹੀ ਲਟਕ ਰਿਹਾ ਹੈ।

# ਵਿਧਾਇਕ ਬੁੱਧ ਰਾਮ ਵੱਲੋਂ ਹਲਕੇ 'ਚ ਵਿਕਾਸ ਕਾਰਜਾਂ ਦਾ ਕੰਮ ਜੋਰਾਂ 'ਤੇ

## ਵੱਖ-ਵੱਖ ਪਿੰਡਾਂ ਵਿੱਚ ਵਾਟਰ ਵਰਕਸ ਦਾ ਰੱਖਿਆ ਨੀਂਹ ਪੱਥਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com



ਬੁਢਲਾਢਾ ਤੋਂ MLA ਪ੍ਰਿੰਸੀਪਲ ਬੁੱਧ ਰਾਮ (Principal Budh Ram) ਦੀਆਂ ਕੋਸ਼ਿਸ਼ਾਂ ਸਦਕਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਦਾ ਕੰਮ ਜਾਰੀ ਹੈ। ਇਸੇ ਲੜੀ ਨੂੰ ਜਾਰੀ ਰੱਖਦਿਆਂ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਹਾਲ ਹੀ ਵਿੱਚ ਪਿੰਡ ਕਾਹਨਗੜ੍ਹ ਅਤੇ ਪਿੰਡ ਖੱਤਰੀਵਾਲਾ ਵਿੱਚ ਵਾਟਰ ਵਰਕਸ ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਤੋਂ ਇਲਾਵਾ ਉਹਨਾਂ ਨੇ ਦੱਸਿਆ ਕਿ "ਬੁਢਲਾਢਾ ਵਾਰਡ 6 ਬਾਲਮੀਕ ਬਸਤੀ ਦਾ ਦੌਰਾ ਕੀਤਾ ਗਿਆ । ਵਰਕਰਾਂ ਵਲੋਂ ਨੀਵੀਂਆਂ ਗਲੀਆਂ ਨੂੰ ਉੱਚੀ ਕਰਨਾ ਅਤੇ ਬਾਲਮੀਕ ਜੀ ਧਰਮਸ਼ਾਲਾ ਲਈ ਸ਼ੈੱਡ ਅਤੇ ਫਰਸ਼ ਲਾਉਣ ਲਈ ਮੰਗ ਕੀਤੀ । ਦੋਵੇ ਮੰਗ ਨੂੰ ਦੋ ਮਹੀਨਿਆਂ ਵਿੱਚ ਵਿੱਚ ਪੂਰਾ ਕਰਨ ਲਈ ਫੰਡ ਜਾਰੀ ਕਰਵਾ ਦਿੱਤੇ ਜਾਣਗੇ ।"

# ਗੁਰਦਾਸਪੁਰ ਵਿੱਚ ਮਹਿਲਾ ਇੰਸਪੈਕਟਰ ਗ੍ਰਿਫ਼ਤਾਰ:

## ਸਾਂਝ ਕੇਂਦਰ ਵਿੱਚ ਹਰ ਮਹੀਨੇ 3 ਪੁਲਿਸ ਮੁਲਾਜ਼ਮਾਂ ਤੋਂ ਲੈਂਦੀ ਸੀ ਵਸੂਲੀ, ਜਾਂਚ ਵਿੱਚ ਦੋਸ਼ ਸਹੀ ਪਾਏ ਗਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com

ਗੁਰਦਾਸਪੁਰ, 12 ਜੁਲਾਈ 2025 (ਵਿਸ਼ਵ ਵਾਰਤਾ) – ਗੁਰਦਾਸਪੁਰ (Gurdaspur) ਦੇ ਪੁਲਿਸ ਸਾਂਝਾ ਕੇਂਦਰ ਦੀ ਇੰਚਾਰਜ ਇੰਸਪੈਕਟਰ ਇੰਦਰਬੀਰ ਕੌਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ ਹੈ ਕਿ ਉਹ ਉੱਥੇ ਤਾਇਨਾਤ ਹੋਰ ਪੁਲਿਸ ਮੁਲਾਜ਼ਮਾਂ ਤੋਂ ਹਰ ਮਹੀਨੇ ਪੈਸੇ ਵਸੂਲਦੀ ਸੀ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਇੱਕ ਪੁਲਿਸ ਮੁਲਾਜ਼ਮ ਨੇ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ। ਜਾਂਚ ਤੋਂ ਪਤਾ ਲੱਗਾ ਕਿ ਉਹ ਤਿੰਨ ਪੁਲਿਸ ਮੁਲਾਜ਼ਮਾਂ 'ਤੇ ਦਬਾਅ ਪਾ ਕੇ ਉਨ੍ਹਾਂ ਤੋਂ ਪੈਸੇ ਲੈਂਦੀ ਸੀ। ਸ਼ੁਰੂਆਤੀ ਜਾਂਚ ਵਿੱਚ ਦੋਸ਼ ਸੱਚ ਪਾਏ ਗਏ, ਜਿਸ ਤੋਂ ਬਾਅਦ ਉਸ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ।

ਜਾਂਚ ਤੋਂ ਬਾਅਦ, ਇੰਦਰਬੀਰ ਕੌਰ (Gurdaspur) ਨੂੰ ਸਬੰਧਤ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਵਿੱਚ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੰਦਰਬੀਰ ਕੌਰ ਵੱਲੋਂ ਪੈਸੇ ਦੀ ਮੰਗ ਅਤੇ ਕੀਤੇ ਗਏ ਲੈਣ-ਦੇਣ ਸੰਬੰਧੀ ਕਾਫ਼ੀ ਸਬੂਤ ਸਾਹਮਣੇ ਆਏ ਹਨ। ਅਗਲੇਰੀ ਜਾਂਚ ਜਾਰੀ ਹੈ।

ਇਹ ਮੰਨਿਆ ਜਾ ਰਿਹਾ ਹੈ ਕਿ ਭ੍ਰਿਸ਼ਟਾਚਾਰ ਦੇ ਇਸ ਜਾਲ ਵਿੱਚ ਹੋਰ ਕਰਮਚਾਰੀ ਸ਼ਾਮਲ ਹੋ ਸਕਦੇ ਹਨ, ਜਾਂ ਦਬਾਅ ਹੇਠ ਪੈਸੇ ਦੇਣ ਲਈ



ਮਜਬੂਰ ਕੀਤੇ ਗਏ ਹੋ ਸਕਦੇ ਹਨ। ਪੁਲਿਸ ਸੂਤਰਾਂ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਹੋਰ ਕਰਮਚਾਰੀਆਂ ਦੇ ਬਿਆਨ ਦਰਜ ਕੀਤੇ ਜਾਣਗੇ ਅਤੇ ਜੇਕਰ ਲੋੜ ਪਈ ਤਾਂ ਕਾਰਵਾਈ ਦਾ ਦਾਇਰਾ ਵਧਾਇਆ ਜਾਵੇਗਾ।

# ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਬਹੁਜਨ ਸਮਾਜ ਪਾਰਟੀ ਜੋਨ ਬਠਿੰਡਾ ਦੇ ਜੋਨ ਸਮੀਖਿਆ ਮੀਟਿੰਗ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com



ਬਹੁਜਨ ਸਮਾਜ ਪਾਰਟੀ ਜੋਨ ਬਠਿੰਡਾ ਦੇ ਜੋਨ ਇੰਚਾਰਜ ਜਿਲਾ ਪ੍ਰਧਾਨਾ ਬੀਬੀਐਫ ਕਨਵੀਨਰ ਅਤੇ ਬਾਮਸੇਫ ਦੀ ਟੀਮ ਨਾਲ ਸਮੀਖਿਆ ਬੈਠਕ ਮੋਗਾ ਵਿਖੇ ਕੀਤੀ ਗਈ ਜਿਸ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਪਿੰਡ ਪੱਧਰ ਤੱਕ ਜਥੇਬੰਦਕ ਢਾਂਚੇ ਦੇ ਤੌਰ ਤੇ ਮਜਬੂਤ ਕਰਨੇ ਲਈ ਰਣਨੀਤੀ ਬਣਾਈ ਗਈ ਅਤੇ ਪੰਜਾਬ ਦੀ ਸਰਕਾਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ ਤੇ ਜੋ ਸਾਢੇ ਤਿੰਨ ਸਾਲ ਤੱਕ ਚੁੱਪ ਧਾਰੀ ਰੱਖੀ ਇੱਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ ਇਹ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਜਿੱਥੇ ਪੰਜਾਬ ਦੇ ਆਮ ਲੋਕਾਂ ਨਾਲ ਧੋਖਾ ਕਰ ਰਹੀ ਹੈ ਉਥੇ ਗੁਰੂ ਸਾਹਿਬ ਨਾਲ ਧੋਖਾ ਕਰਨ ਤੋਂ ਵੀ ਗਰੇਜ ਨਹੀਂ ਕਰ ਰਹੇ,ਡਾਕਟਰ ਅੰਬੇਡਕਰ ਜੀ ਦੀਆਂ ਬੇਅਦਬੀਆਂ ਨੂੰ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨਹੀਂ ਰੋਕ ਪਾਏ ਇਸ ਦੀ ਨਿੰਦਾ ਕੀਤੀ ਗਈ, ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਕਿਹਾ ਗਿਆ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮਹਿਮ ਫੇਲ ਹੋ ਗਈ ਕਿਉਂਕਿ ਸਰਕਾਰ ਡਰੱਗ ਮਾਫੀਆ ਦੇ ਖਾਤਮੇ ਲਈ ਇਮਾਨਦਾਰ ਨਹੀਂ, ਲਾ ਐਂਡ ਆਰਡਰ ਤੇ ਮੁੱਦੇ ਤੇ ਸਰਕਾਰ ਫੇਲ, ਸਿੱਖਿਆ ਕ੍ਰਾਂਤੀ ਫੇਲ, ਸਿਹਤ ਕ੍ਰਾਂਤੀ ਫੇਲ, ਸੈਂਡ ਮਾਫੀਆ ਦੇ ਮੁੱਦੇ ਤੇ ਫੇਲ, ਪੰਜਾਬੀਆਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੰਜਾਬ ਸੰਭਾਲੋ ਮਹਿਮ ਪੰਜਾਬ ਵਿੱਚੋਂ ਟਰੈਕ ਮਾਫੀ ਦਾ ਖਾਤਮਾ ਕਰੇਗੀ ਮਾਵਾਂ ਦੇ ਪੁੱਤ ਭੈਣਾਂ ਦੇ ਭਰਾ ਧੀਆਂ ਦੇ ਸੁਹਾਗ ਬਚਾਵੇਗੀ, ਨੌਜਵਾਨਾਂ ਨੂੰ ਮਿਆਰੀ ਸਿੱਖਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਕੇ ਦੇਗੀ ਪੰਜਾਬ ਦੇ ਵਿੱਚ ਕਾਮਯਾਬ ਸਿੱਖਿਆ ਕ੍ਰਾਂਤੀ ਸਿਹਤ ਕ੍ਰਾਂਤੀ ਕੀਤੀ ਜਾਊਗੀ ਸੈਂਡ ਮਾਫੀਆ ਦਾ ਖਾਤਮਾ,ਅਮਨ ਕਾਨੂੰਨ ਦੇ ਸਥਿਤੀ ਨੂੰ ਦਰੁਸਤ ਕਰਨਾ ਪੰਜਾਬ ਨੂੰ ਕਰਜੇ ਤੇ ਬੋਝ ਚੋਂ ਕੱਢਣਾ ਬਹੁਜਨ ਸਮਾਜ ਪਾਰਟੀ ਹੋਰ ਵੀ ਪੰਜਾਬ ਦੇ ਸਾਹਮਣੇ ਜੋ ਚੁਣੌਤੀਆਂ ਹਨ ਉਹਨਾਂ ਚੋਂ ਪੰਜਾਬ ਨੂੰ ਕੱਢੇਗੀ ਅਤੇ ਸਿਹਤਮੰਦ ਪੰਜਾਬ ਦਾ ਨਿਰਮਾਣ ਕੀਤਾ ਜਾਊਗਾ।

# ਕਾਂਗਰਸ ਅਤੇ ਭਾਜਪਾ ਮਿਲੀਭੁਗਤ ਨਾਲ ਡਰੱਗ ਮਾਫੀਆ ਅਤੇ ਗੈਂਗਸਟਰਾਂ ਨੂੰ ਬਚਾ ਰਹੀਆਂ ਹਨ, 'AAP' ਕਿਸੇ ਵੀ ਤਰ੍ਹਾਂ ਦੀ ਧਮਕੀ ਅੱਗੇ ਨਹੀਂ ਝੁਕੇਗੀ: ਹਰਪਾਲ ਚੀਮਾ

## ਹਜ਼ਾਰਾਂ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰ ਕੇ ਬਾਜਵਾ ਦੀ ਔਨਲਾਈਨ ਸ਼ਿਕਾਇਤ 'ਤੇ ਭਾਜਪਾ-ਨਿਯੰਤਰਿਤ ਪੁਲਿਸ ਨੇ 24 ਘੰਟਿਆਂ ਦੇ ਅੰਦਰ 'ਆਪ' ਨੇਤਾਵਾਂ ਵਿਰੁੱਧ ਐਫਆਈਆਰ ਦਰਜ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਅਤੇ ਆਮ ਆਦਮੀ ਪਾਰਟੀ (AAP) ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਕਾਂਗਰਸ ਅਤੇ ਭਾਜਪਾ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਗਾਇਆ ਕਿ ਇਹ ਦੋਵੇਂ ਪਾਰਟੀਆਂ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਨੂੰ ਬਚਾਉਣ ਲਈ ਆਪਸ ਵਿੱਚ ਮਿਲ ।ਕੇ ਕੰਮ ਕਰ ਰਹੀਆਂ ਹਨ ਅਤੇ ਝੂਠੀਆਂ ਐਫਆਈਆਰਜ਼ ਅਤੇ ਰਾਜਨੀਤਿਕ ਦਬਾਅ ਰਾਹੀਂ ਨਸ਼ਿਆਂ ਵਿਰੁੱਧ 'ਆਪ' ਦੀ ਲੜਾਈ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਸ਼ਨੀਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦਿਆ ਮੰਤਰੀ ਚੀਮਾ ਨੇ ਕਿਹਾ ਕਿ ਕਾਂਗਰਸ ਅਤੇ ਭਾਜਪਾ ਆਗੂ ਹੁਣ ਝੂਠੀਆਂ ਐਫਆਈਆਰ ਦਰਜ ਕਰਕੇ 'ਆਪ' ਨੂੰ ਚੁੱਪ ਕਰਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਉਨ੍ਹਾਂ ਖੁਲਾਸਾ ਕੀਤਾ, "ਅਸੀਂ ਦੋ ਦਿਨਾਂ ਵਿਧਾਨ ਸਭਾ ਸੈਸ਼ਨ ਦਾ ਐਲਾਨ ਕੀਤਾ, ਜਿਸ ਤੋਂ ਘਬਰਾ ਕੇ ਕਾਂਗਰਸ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਚੰਡੀਗੜ੍ਹ ਪੁਲਿਸ ਕੋਲ ਪਹੁੰਚ ਕੇ ਔਨਲਾਈਨ ਸ਼ਿਕਾਇਤ ਦਰਜ ਕਰਵਾਈ। ਸਿਰਫ਼ 24 ਘੰਟਿਆਂ ਵਿੱਚ, ਮੇਰੇ ਅਤੇ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਵਿਰੁੱਧ ਐਫਆਈਆਰ ਦਰਜ ਕਰ ਲਈ ਗਈ।"

ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਰਾਜਪਾਲ ਦੁਆਰਾ ਸ਼ਾਸਿਤ ਚੰਡੀਗੜ੍ਹ ਪੁਲਿਸ 'ਤੇ ਦੋਸ਼ ਲਗਾਇਆ ਕਿ ਉਹ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਐਫਆਈਆਰ ਦਰਜ ਕਰ ਰਹੇ ਹਨ ਜਦੋਂ ਕਿ ਕਈ ਹਜ਼ਾਰਾਂ ਸ਼ਿਕਾਇਤਾਂ ਪਹਿਲਾਂ ਹੀ ਪੈਂਡਿੰਗ ਹਨ। ਉਨ੍ਹਾਂ ਨੇ ਅਦਾਲਤ ਵਿੱਚ ਜਮ੍ਹਾ ਕਰਵਾਏ ਗਏ ਚੰਡੀਗੜ੍ਹ ਪੁਲਿਸ ਦੇ ਹਲਫ਼ਨਾਮੇ ਤੋਂ ਅਧਿਕਾਰਤ ਅੰਕੜਿਆਂ ਦਾ ਹਵਾਲਾ ਦਿੱਤਾ ਅਤੇ ਦੱਸਿਆ ਕਿ 15 ਮਈ, 2024 ਤੱਕ, 7,067 ਸ਼ਿਕਾਇਤਾਂ ਪੈਂਡਿੰਗ ਸਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਾਈਬਰ ਅਪਰਾਧ, ਧੋਖਾਧੜੀ ਅਤੇ ਚੋਰੀ ਨਾਲ ਸਬੰਧਤ ਸਨ।

ਚੀਮਾ ਨੇ ਕਿਹਾ ਕਿ ਇਹ ਦਰਸਾਉਂਦਾ ਹੈ ਕਿ ਕਿਵੇਂ ਕਾਂਗਰਸ ਅਤੇ ਭਾਜਪਾ ਅਸਲ ਦੋਸ਼ੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ 'ਆਪ' ਨੇਤਾਵਾਂ ਨੂੰ ਫਸਾਉਣ ਲਈ ਮਿਲੀਭੁਗਤ ਕਰ ਰਹੇ ਹਨ। ਪਰ ਅਸੀਂ ਡਰਨ ਵਾਲੇ ਨਹੀਂ ਹਾਂ। ਅਸੀਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹਾਂ ਪਰ ਸੱਚ ਬੋਲਣਾ ਨਹੀਂ ਛੱਡਾਂਗੇ।

ਚੀਮਾ ਨੇ ਕਿਹਾ ਕਿ 'ਆਪ' ਨੇ ਪਹਿਲੀ ਵਾਰ 2017 ਵਿੱਚ ਪੰਜਾਬ ਚੋਣਾਂ ਲੜੀਆਂ ਸਨ, ਜਦੋਂ ਮੁੱਖ ਮੁੱਦੇ ਨਸ਼ਾਖੋਰੀ, ਬੇਰੁਜ਼ਗਾਰੀ ਅਤੇ ਖੇਤੀ ਸੰਕਟ ਸਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਇੱਥੋਂ ਤੱਕ ਕਿ ਉਸ ਸਮੇਂ ਦੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਕਿਹਾ ਸੀ ਕਿ ਪੰਜਾਬ ਦੇ 70% ਨੌਜਵਾਨ ਅਕਾਲੀ-ਭਾਜਪਾ ਗੱਠਜੋੜ ਕਾਰਨ ਨਸ਼ਿਆਂ ਦੇ ਪ੍ਰਭਾਵ ਹੇਠ ਹਨ।

ਚੀਮਾ ਨੇ ਕਿਹਾ ਕਿ 2017 ਵਿੱਚ, ਕਾਂਗਰਸ ਨੇ ਚਾਰ ਹਫ਼ਤਿਆਂ ਵਿੱਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਅਤੇ ਉਨ੍ਹਾਂ ਦੇ ਮੁੱਖ ਮੰਤਰੀ ਨੇ ਤਲਵੰਡੀ ਸਾਬੋ ਨੇੜੇ ਇੱਕ ਰੈਲੀ ਵਿੱਚ ਪਵਿੱਤਰ ਗੁਟਕਾ ਸਾਹਿਬ 'ਤੇ ਸਹੁੰ ਚੁੱਕੀ ਸੀ। ਪਰ ਪੰਜ ਸਾਲ ਬੀਤ ਗਏ ਪਰ ਕਾਂਗਰਸ ਨੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ 2022 ਵਿੱਚ ਦੁਬਾਰਾ ਚੋਣਾਂ ਹੋਈਆਂ ਤਾਂ ਪੰਜਾਬ ਦੇ ਲੋਕਾਂ ਨੇ 'ਆਪ' ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਉਸ ਨੂੰ ਇਤਿਹਾਸਕ ਫਤਵਾ ਦਿੱਤਾ ਅਤੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਾਇਆ।

ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਨਸ਼ਿਆਂ ਵਿਰੁੱਧ ਇੱਕ ਨਿਰੰਤਰ ਮੁਹਿੰਮ ਚਲਾ ਰਹੀ ਹੈ, ਜੋ ਪਿਛਲੇ ਤਿੰਨ ਮਹੀਨਿਆਂ ਵਿੱਚ ਇੱਕ ਵਿਆਪਕ ਯੁੱਧ, 'ਯੁੱਧ ਨਸ਼ਿਆਂ ਵਿਰੁਧ' ਵਿੱਚ ਬਦਲ ਗਈ ਹੈ। ਉਨ੍ਹਾਂ ਕਿਹਾ, "ਅਸੀਂ ਕਿਸੇ ਨੂੰ ਵੀ ਨਹੀਂ ਬਖਸ਼ ਰਹੇ। ਗੈਰ-ਕਾਨੂੰਨੀ ਤੌਰ 'ਤੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਇੱਕ ਕੈਬਨਿਟ ਸਬ-ਕਮੇਟੀ ਬਣਾਈ ਗਈ ਸੀ, ਜਿਸਦੀ ਮੈਂ ਅਗਵਾਈ ਕਰ ਰਿਹਾ ਹਾਂ, ਅਤੇ ਅਸੀਂ ਪੰਜਾਬ ਭਰ ਦੇ ਪੁਲਿਸ ਥਾਣਿਆਂ ਦਾ ਦੌਰਾ ਕੀਤਾ।"

ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ 'ਆਪ' ਨੇ ਸਰਹੱਦ ਪਾਰ ਨਸ਼ੇ ਤਸਕਰੀ ਨੂੰ ਰੋਕਣ ਲਈ ਡਰੋਨ ਪ੍ਰਣਾਲੀਆਂ ਨੂੰ ਲਾਗੂ ਕੀਤਾ ਅਤੇ ਕਿਹਾ ਕਿ ਜਦੋਂ ਵੀ ਕੋਈ ਕਾਰਵਾਈ ਕੀਤੀ ਜਾਂਦੀ ਹੈ, ਤਾਂ ਕਾਂਗਰਸ, ਭਾਜਪਾ ਅਤੇ ਅਕਾਲੀ ਆਗੂ ਤੋੜ-ਫੋੜ 'ਤੇ ਸਵਾਲ ਉਠਾਉਣਾ ਸ਼ੁਰੂ ਕਰ ਦਿੰਦੇ ਹਨ ਅਤੇ ਨਸ਼ਾ ਤਸਕਰਾਂ ਦਾ ਬਚਾਅ ਕਰਦੇ ਹਨ।

ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਜਿਕਰ ਕਰਦਿਆਂ ਚੀਮਾ ਨੇ ਕਿਹਾ, "ਚੰਨੀ ਨੇ ਇੱਕ ਵਾਰ ਨਸ਼ਿਆਂ ਦੀ ਤੁਲਨਾ ਅਕਾਲੀ ਨੇਤਾ ਬਿਕਰਮ ਮਜੀਠੀਆ ਨਾਲ ਕੀਤੀ ਸੀ ਅਤੇ ਕਿਹਾ ਸੀ ਕਿ ਜੇ ਕੋਈ 'ਚਿੱਟੇ' (ਹੈਰੋਇਨ) ਦੀ ਗੱਲ ਕਰਦਾ ਹੈ, ਤਾਂ ਲੋਕ ਕਹਿੰਦੇ ਹਨ ਕਿ ਮਜੀਠੀਆ ਆ ਗਿਆ ਹੈ।" ਉਨ੍ਹਾਂ ਅੱਗੇ ਕਿਹਾ ਕਿ ਨਵਜੋਤ ਸਿੱਧੂ, ਸੁਖਪਾਲ ਖਹਿਰਾ ਅਤੇ ਪ੍ਰਤਾਪ ਬਾਜਵਾ ਵੀ ਇਸ ਮੁੱਦੇ 'ਤੇ ਆਵਾਜ਼ ਉਠਾ ਚੁੱਕੇ ਹਨ, ਅਤੇ ਬਾਜਵਾ ਨੇ ਤਾਂ ਇੱਥੋਂ ਤੱਕ ਕਿਹਾ ਸੀ ਕਿ ਜ਼ਿੰਮੇਵਾਰ ਲੋਕਾਂ ਨੂੰ ਉਨ੍ਹਾਂ ਦੇ ਗਲੇ ਵਿੱਚ ਰੱਸੀ ਪਾ ਕੇ ਘਸੀਟਣਾ ਚਾਹੀਦਾ ਹੈ।



ਪਰ ਅੱਜ ਉਹੀ ਕਾਂਗਰਸੀ ਆਗੂ ਮਜੀਠੀਆ ਲਈ ਹੰਝੂ ਵਹਾ ਰਹੇ ਹਨ। ਉਹ ਉਸਦੇ ਬਚਾਅ ਵਿੱਚ ਪ੍ਰੈਸ ਕਾਨਫਰੰਸਾਂ ਕਰ ਰਹੇ ਹਨ ਅਤੇ ਵੀਡੀਓ ਜਾਰੀ ਕਰ ਰਹੇ ਹਨ। ਲੋਕ ਦੇਖ ਰਹੇ ਹਨ ਅਤੇ ਕਹਿ ਰਹੇ ਹਨ ਕਿ ਹੁਣ ਸੱਚ ਸਾਹਮਣੇ ਆ ਗਿਆ ਹੈ: ਇੱਕ 'ਚਿੱਟਾ ਚੋਰ' ਸੀ, ਦੂਜਾ 'ਨੀਲਾ ਚੋਰ' ਅਤੇ ਉਨ੍ਹਾਂ ਨੇ ਮਿਲ ਕੇ ਪੰਜਾਬ ਨੂੰ ਲੁੱਟਿਆ।

ਚੀਮਾ ਨੇ ਅਬੋਹਰ ਵਿੱਚ ਇੱਕ ਕੱਪੜਾ ਵਪਾਰੀ ਦੇ ਹਾਲ ਹੀ ਵਿੱਚ ਹੋਏ ਕਤਲ ਦਾ ਵੀ ਹਵਾਲਾ ਦਿੱਤਾ, ਜਿਸਦੀ ਜ਼ਿੰਮੇਵਾਰੀ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਲਈ ਹੈ। ਉਨ੍ਹਾਂ ਦੋਸ਼ ਲਾਇਆ ਅਤੇ ਪੁਛਿਆ "ਉਹ ਜੇਲ੍ਹ ਭਾਜਪਾ ਸਰਕਾਰ ਦੇ ਕੰਟਰੋਲ ਹੇਠ ਹੈ। ਗੁਜਰਾਤ ਤੋਂ ਪੂਰੇ ਭਾਰਤ ਦੇ ਕਾਰੋਬਾਰੀਆਂ ਨੂੰ ਧਮਕੀਆਂ ਦੇਣ ਲਈ ਫੋਨ ਕਿਉਂ ਆ ਰਹੇ ਹਨ? ਗੁਜਰਾਤ ਦੀਆਂ ਜੇਲ੍ਹਾਂ ਤੋਂ ਕਾਰੋਬਾਰੀਆਂ ਨੂੰ ਡਰਾਉਣ ਅਤੇ ਉਨ੍ਹਾਂ ਨੂੰ ਭਾਜਪਾ ਵੱਲ ਧੱਕਣ ਲਈ ਇੱਕ ਵੱਡਾ ਰੈਕੇਟ ਚਲਾਇਆ ਜਾ ਰਿਹਾ ਹੈ।"

ਮੰਤਰੀ ਨੇ ਚੇਤਾਵਨੀ ਦਿੱਤੀ ਕਿ 'ਆਪ' ਸਰਕਾਰ ਗੈਂਗਸਟਰਵਾਦ ਅਤੇ ਡਰੱਗ ਮਾਫੀਆ ਦਾ ਪਰਦਾਫਾਸ਼ ਅਤੇ ਖਾਤਮਾ ਕਰਨਾ ਜਾਰੀ ਰੱਖੇਗੀ। ਚੀਮਾ ਨੇ ਕਿਹਾ

"ਕਾਂਗਰਸ ਅਤੇ ਭਾਜਪਾ ਅਪਰਾਧੀਆਂ ਨੂੰ ਬਚਾਉਣ ਲਈ ਇੱਕਜੁੱਟ ਹਨ, ਪਰ ਅਸੀਂ ਪੰਜਾਬ ਦੇ ਲੋਕਾਂ ਨਾਲ ਇੱਕਜੁੱਟ ਹਾਂ। 'ਆਪ' ਪਿੱਛੇ ਨਹੀਂ ਹਟੇਗੀ। ਅਸੀਂ ਸੱਚਾਈ, ਨਿਆਂ ਅਤੇ ਪੰਜਾਬ ਦੇ ਭਵਿੱਖ ਲਈ ਲੜਦੇ ਰਹਾਂਗੇ।

# ਘੱਗਰ ਨਦੀ 'ਚ ਪਾਣੀ ਦਾ ਪੱਧਰ ਮੁੜ ਵਧਣ ਲੱਗਾ,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com

ਹਿਮਾਚਲ 'ਚ ਲਗਾਤਾਰ ਮੀਂਹ ਪੈਣ ਕਾਰਨ ਘੱਗਰ ਦਰਿਆ ਦਾ ਪਾਣੀ ਵਧ ਰਿਹਾ। ਘੱਗਰ ਦਰਿਆ ਦੇ ਪਾਣੀ ਦਾ ਪੱਧਰ ਇੱਕ ਵਾਰ ਫਿਰ ਲੋਕਾਂ ਦੀ ਚਿੰਤਾ ਵਧਾ ਰਿਹਾ ਹੈ। ਖਨੌਰੀ 'ਚ ਸਵੇਰੇ 8 ਵਜੇ ਘੱਗਰ ਦਰਿਆ ਦੇ ਪਾਣੀ ਦਾ ਪੱਧਰ 737.7 ਫੁੱਟ ਦੇ ਨਿਸ਼ਾਨ ਪਹੁੰਚ ਗਿਆ। ਪੱਧਰ 737.7 ਫੁੱਟ 'ਤੇ ਪਹੁੰਚਿਆ। ਪਿਛਲੇ 12 ਘੰਟਿਆਂ 'ਚ ਪਾਣੀ ਦਾ ਪੱਧਰ 3 ਫੁੱਟ ਵਧ ਗਿਆ ਹੈ। ਪ੍ਰਸ਼ਾਸਨ ਵੱਲੋਂ ਹਰ ਘੰਟੇ ਘੱਗਰ ਦੇ ਵੱਧ ਰਹੇ ਪਾਣੀ ਦੇ ਉੱਪਰ ਨਜ਼ਰ ਰੱਖੀ ਜਾ ਰਹੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਮੈਂ ਹਿੰਦੂ ਧਰਮ ਤਿਆਗਣ ਦਾ ਫੈਸਲਾ ਕੀਤਾ ਹੈ

ਮਾਰਚ, 1936 ਦੇ ਅੰਤ ਵਿੱਚ, ਲਾਹੌਰ ਦੇ ਜਾਟ-ਪਤ ਤੋੜਕ ਮੰਡਲ ਨੇ ਡਾ. ਬੀ. ਆਰ. ਅੰਬੇਡਕਰ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੇ ਮੀਟਿੰਗ ਮਈ ਦੇ ਅੱਧ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਪ੍ਰੈਸ ਭੜਕਾਊ ਬਣ ਰਹੀ ਸੀ ਅਤੇ ਕੱਟੜਪੰਥੀ ਜਨਤਾ



ਨੇ ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਪ੍ਰਧਾਨ ਚੁਣਨ ਲਈ ਮੰਡਲ ਦੀ ਸਖ਼ਤ ਅਤੇ ਕੌੜੀ ਆਲੋਚਨਾ ਕੀਤੀ, ਉਨ੍ਹਾਂ ਨੂੰ ਹਿੰਦੂ ਧਰਮ ਦਾ ਨਫ਼ਰਤ ਕਰਨ ਵਾਲਾ ਐਲਾਨ ਕੀਤਾ। ਨਤੀਜੇ ਵਜੋਂ, ਭਾਈ ਪਰਮਾਨੰਦ, ਡਾ. ਨਾਰੰਗ, ਮਹਾਤਮਾ ਹੰਸ ਰਾਜ ਅਤੇ ਰਾਜਾ ਨਰਿੰਦਰ ਨਾਥ ਵਰਗੇ ਕੱਟੜਪੰਥੀਆਂ ਨੂੰ ਮੰਡਲ ਨਾਲ ਸਬੰਧ ਤੋੜਨੇ ਪਏ। ਮੰਡਲ ਦੇ ਚਾਨਣ ਮੁਨਾਰੇ ਸੰਤਰਾਮ ਨੇ ਡਾ. ਬੀ. ਆਰ. ਅੰਬੇਡਕਰ ਨੂੰ ਮੰਡਲ ਦੀ ਸਥਿਤੀ ਤੋਂ ਜਾਣੂ ਕਰਵਾਉਣ ਲਈ ਹਰ ਭਗਵਾਨ ਨੂੰ ਬੰਬਈ ਭੇਜਿਆ। ਹਰ ਭਗਵਾਨ 9 ਅਪ੍ਰੈਲ ਨੂੰ ਬੰਬਈ ਵਿਖੇ ਡਾ. ਬੀ. ਆਰ. ਅੰਬੇਡਕਰ ਨੂੰ ਮਿਲੇ ਅਤੇ ਉਨ੍ਹਾਂ ਤੋਂ ਸਭਾਪਤੀ ਭਾਸ਼ਣ ਦਾ ਤਿਆਰ ਕੀਤਾ ਸੰਸਕਰਣ ਲਿਆ।

ਡਾ. ਬੀ. ਆਰ. ਅੰਬੇਡਕਰ ਵੀ 10 ਅਪ੍ਰੈਲ 1936 ਨੂੰ "ਸਿੱਖ ਧਰਮ ਪ੍ਰਚਾਰਕ ਸੰਮੇਲਨ" ਵਿੱਚ ਸ਼ਾਮਲ ਹੋਣ ਲਈ ਬੰਬਈ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਇਹ ਸੰਮੇਲਨ 13 ਅਤੇ 14 ਅਪ੍ਰੈਲ ਨੂੰ ਹੋਇਆ ਸੀ। ਇਸ ਸੰਮੇਲਨ ਵਿੱਚ ਪੰਜਾਬ, ਕੇਰਲਾ, ਸੰਯੁਕਤ ਪ੍ਰਾਂਤ ਅਤੇ ਕੇਂਦਰੀ ਪ੍ਰਾਂਤ ਤੋਂ ਵੱਡੀ ਗਿਣਤੀ ਵਿੱਚ ਸਿੱਖ ਅਤੇ ਦਲਿਤ ਜਾਤੀਆਂ ਨੇ ਸ਼ਿਰਕਤ ਕੀਤੀ। ਇਸ ਸੰਮੇਲਨ ਦੀ ਪ੍ਰਧਾਨਗੀ ਸੇਵਾਮੁਕਤ ਜ਼ਿਲ੍ਹਾ ਜੱਜ ਸਰਦਾਰ ਬਹਾਦਰ ਹੁਕਮ ਸਿੰਘ ਨੇ ਕੀਤੀ ਅਤੇ ਸਵਾਗਤ ਕਮੇਟੀ ਦੇ ਚੇਅਰਮੈਨ ਬਸਾਖਾ ਸਿੰਘ ਸਨ। ਚੇਅਰਮੈਨ ਅਤੇ ਚੇਅਰਮੈਨ ਦੋਵਾਂ ਨੇ ਆਪਣੇ ਭਾਸ਼ਣਾਂ ਵਿੱਚ ਦਲਿਤ ਜਾਤੀਆਂ ਦੀ ਹਾਲਤ ਸੁਧਾਰਨ ਲਈ ਤੀਬਰ ਧਰਮ ਪ੍ਰਚਾਰਕ ਕਾਰਜ ਨੂੰ ਧਿਆਨ ਨਾਲ ਅਤੇ ਢੁਕਵੇਂ ਢੰਗ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ।

ਡਾ. ਬੀ.ਆਰ. ਅੰਬੇਡਕਰ ਨੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸਿੱਖਾਂ ਵਿੱਚ ਸਮਾਨਤਾ ਦੇ ਸਿਧਾਂਤਾਂ ਲਈ ਆਪਣੀ ਪ੍ਰਵਾਨਗੀ ਪ੍ਰਗਟ ਕੀਤੀ ਅਤੇ ਕਿਹਾ ਕਿ ਭਾਵੇਂ ਉਨ੍ਹਾਂ ਨੇ ਹਿੰਦੂ ਧਰਮ ਨੂੰ ਤਿਆਗਣ ਦਾ ਫੈਸਲਾ ਕੀਤਾ ਹੈ, ਪਰ ਉਨ੍ਹਾਂ ਨੇ ਅਜੇ ਤੱਕ ਕਿਸੇ ਹੋਰ ਧਰਮ ਬਾਰੇ ਆਪਣਾ ਮਨ ਨਹੀਂ ਬਣਾਇਆ ਹੈ। ਇੱਕ ਹੋਰ ਬੁਲਾਰੇ ਸਰ ਜੋਗਿੰਦਰ ਸਿੰਘ ਨੇ ਧਾਰਮਿਕ ਪ੍ਰਚਾਰ ਦੇ ਨਾਲ-ਨਾਲ ਇਸ ਉਦੇਸ਼ ਲਈ ਇੱਕ ਟਰੱਸਟ ਬਣਾਉਣ ਦਾ ਸੁਝਾਅ ਦਿੱਤਾ ਅਤੇ ਦਰਸ਼ਕਾਂ ਨੂੰ ਪੈਸੇ ਦਾਨ ਕਰਨ ਦੀ ਬੇਨਤੀ ਕੀਤੀ। ਇਸ ਸੈਸ਼ਨ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਕੇਰਲਾ ਤੋਂ ਪੰਜ ਵਿਸ਼ਿਸ਼ਟੀਆ ਜਾਤੀ ਦੇ ਦਲਿਤ ਜਾਤੀ ਆਗੂਆਂ ਦਾ ਡਾ. ਕੁੱਟੀਰ ਅਤੇ ਸੰਯੁਕਤ ਪ੍ਰਾਂਤ, ਕੇਂਦਰੀ ਪ੍ਰਾਂਤ ਅਤੇ ਹੋਰਾਂ ਦੀ ਮਦਦ ਨਾਲ ਸਿੱਖ ਧਰਮ ਵਿੱਚ ਸ਼ਾਮਲ ਹੋਣ ਲਈ ਆਉਣਾ ਸੀ।

********************

## ਮੈਂ ਸਫਲਤਾ ਲਈ ਆਪਣੀ ਆਤਮਾ ਦਾ ਬਲੀਦਾਨ ਨਹੀਂ ਦੇ ਸਕਦਾ

ਜਦੋਂ ਡਾ. ਬੀ.ਆਰ. ਅੰਬੇਡਕਰ 1 ਮਈ, 1936 ਦੀ ਸਵੇਰ ਨੂੰ ਵਰਧਾ ਪਹੁੰਚੇ, ਤਾਂ ਦਲਿਤ ਭਾਈਚਾਰੇ ਦੇ ਲੋਕਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਜਿੰਨਾ ਚਿਰ ਡਾ. ਅੰਬੇਡਕਰ ਵਰਧਾ ਵਿੱਚ ਰਹੇ, "ਨਿਰਭੈ ਤਰੁਣ ਸੰਘ" ਨੇ ਉਨ੍ਹਾਂ ਬਾਰੇ ਹਰ ਤਰ੍ਹਾਂ ਦੀਆਂ ਸਾਵਧਾਨੀਆਂ ਵਰਤੀਆਂ। ਡਾ. ਅੰਬੇਡਕਰ ਨਲਵਾੜੀ ਵੀ ਗਏ। ਸਵੇਰੇ 11:30 ਵਜੇ, ਦਲਿਤ ਵਰਗ ਦੇ ਆਗੂਆਂ, ਜਿਵੇਂ ਕਿ ਪੁਰਸ਼ੋਤਮ ਖਾਪਰਡੇ, ਸ਼ੰਕਰਰਾਓ ਸੇਨਾਵਣੇ, ਗੋਮਾਜੀ ਤੇਂਭੇੜੇ ਨੇ ਡਾ. ਅੰਬੇਡਕਰ ਨਾਲ ਧਰਮ ਪਰਿਵਰਤਨ ਨਾਲ ਸਬੰਧਤ ਮਾਮਲਿਆਂ 'ਤੇ ਚਰਚਾ ਕੀਤੀ। ਡਾ. ਅੰਬੇਡਕਰ ਨੇ ਬਿਨਾਂ ਕਿਸੇ ਝਿਜਕ ਦੇ ਸਪੱਸ਼ਟ ਤੌਰ 'ਤੇ ਕਿਹਾ:-

"ਹੁਣ ਤੱਕ, ਮੈਂ ਕਿਸੇ ਨੂੰ ਵੀ ਇਸਲਾਮ ਜਾਂ ਈਸਾਈ ਧਰਮ ਅਪਣਾਉਣ ਦੀ ਸਿਫਾਰਸ਼ ਨਹੀਂ ਕਰਦਾ ਹਾਂ। ਜੇਕਰ ਕੋਈ ਆਪਣੀ ਜ਼ਿੰਮੇਵਾਰੀ 'ਤੇ ਇਸਲਾਮ ਜਾਂ ਕੋਈ ਹੋਰ ਧਰਮ ਅਪਣਾਉਂਦਾ ਹੈ ਅਤੇ ਧੋਖਾ ਖਾਂਦਾ ਹੈ, ਤਾਂ ਮੈਂ ਉਸ ਕਾਰਵਾਈ ਲਈ ਜ਼ਿੰਮੇਵਾਰ ਨਹੀਂ ਹੋਵਾਂਗਾ। ਇਹ ਵੀ ਇੱਕ ਤੱਥ ਹੈ ਕਿ ਮੈਂ ਧਾਰਮਿਕ ਪਰਿਵਰਤਨ ਦਾ ਐਲਾਨ ਕੀਤਾ ਹੈ। ਪਰ ਮੈਂ ਅਜੇ ਤੱਕ ਕਿਸੇ ਖਾਸ ਧਰਮ ਨੂੰ ਅਪਣਾਉਣ ਬਾਰੇ ਕੁਝ ਨਹੀਂ ਕਿਹਾ ਹੈ। ਉਸ ਸਮੇਂ ਤੱਕ, ਹਰ ਕੋਈ ਧਰਮ ਪਰਿਵਰਤਨ ਦੇ ਵਿਚਾਰ ਦਾ ਪ੍ਰਚਾਰ ਕਰੇਗਾ ਪਰ ਕਿਸੇ ਖਾਸ ਧਰਮ ਦੇ ਨਾਮ ਦਾ ਪ੍ਰਚਾਰ ਨਹੀਂ ਕਰਨਾ ਚਾਹੀਦਾ। ਜਦੋਂ ਮੈਂ ਇਸਦਾ ਐਲਾਨ ਕਰਾਂਗਾ, ਤਾਂ ਹੀ ਸਾਰੇ 7 ਕਰੋੜ ਅਛੂਤ ਇਕੱਠੇ ਧਰਮ ਪਰਿਵਰਤਨ ਕਰਨਗੇ।"

ਇਸ ਤੋਂ ਬਾਅਦ, ਡਾ. ਅੰਬੇਡਕਰ ਨੇ ਹੋਰ ਅਛੂਤ ਨੇਤਾਵਾਂ ਨਾਲ ਇੱਕ ਨਿੱਜੀ ਚਰਚਾ ਕੀਤੀ। ਕੀਰ ਨੇ ਡਾ. ਅੰਬੇਡਕਰ ਦੀ ਵਰਧਾ ਫੇਰੀ ਦਾ ਵਰਣਨ ਇਸ ਤਰ੍ਹਾਂ ਕੀਤਾ। "ਹੁਣ ਡਾ. ਬੀ.ਆਰ. ਅੰਬੇਡਕਰ ਦੀਆਂ ਗਤੀਵਿਧੀਆਂ ਕਾਰਨ ਗਾਂਧੀ ਦੇ ਕੈਂਪ ਦੀ ਸ਼ਾਂਤੀ ਭੰਗ ਹੋ ਰਹੀ ਸੀ। ਇਸ ਲਈ, ਸੇਠ ਵਾਲਚੰਦ ਹੀਰਾਚੰਦ ਨੇ ਡਾ. ਬੀ.ਆਰ. ਅੰਬੇਡਕਰ ਨੂੰ ਗਾਂਧੀ ਨਾਲ ਮਿਲਣ ਲਈ ਤਰਕ ਕੀਤਾ ਅਤੇ ਮਨਾ ਲਿਆ। ਡਾ. ਅੰਬੇਡਕਰ ਅਤੇ ਵਾਲਚੰਦ ਪਹਿਲਾਂ ਵਰਧਾ ਅਤੇ ਬਾਅਦ ਵਿੱਚ ਸੇਗਾਓਂ ਵਿਖੇ ਗਾਂਧੀ ਨੂੰ ਮਿਲੇ ਪਰ ਸਮੱਸਿਆ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

ਦੇ ਹੱਲ 'ਤੇ ਕੋਈ ਸਮਝੌਤਾ ਨਹੀਂ ਹੋਇਆ। ਗਾਂਧੀ ਨੇ ਗਲਤ ਸਿੱਟਾ ਕੱਢਿਆ ਕਿ ਭਾਰਤ ਅਤੇ ਲੰਡਨ ਦੀਆਂ ਕੁਝ ਅਦਿੱਖ ਤਾਕਤਾਂ ਨੇ ਡਾ. ਅੰਬੇਡਕਰ ਨੂੰ ਉਤਸ਼ਾਹਿਤ ਕੀਤਾ ਸੀ ਅਤੇ ਡਾ. ਅੰਬੇਡਕਰ ਦੀਆਂ ਧਮਕੀਆਂ ਕਾਰਨ ਸਮੱਸਿਆ ਨੂੰ ਹੋਰ ਵਧਾ ਦਿੱਤਾ ਸੀ।

ਸੇਗਾਓਂ ਤੋਂ ਵਾਪਸ ਆਉਂਦੇ ਸਮੇਂ, ਦਲਿਤਾਂ ਨੇ ਡਾ. ਅੰਬੇਡਕਰ ਦਾ ਵਰਧਾ ਸਟੇਸ਼ਨ 'ਤੇ ਉਤਸ਼ਾਹ ਨਾਲ ਸਵਾਗਤ ਕੀਤਾ।

ਗਾਂਧੀ ਦੇ ਲੱਖਾਂ ਸਮਰਥਕਾਂ ਧਨਪਤੀ, ਵਾਲਚੰਦ ਹੀਰਾਚੰਦ ਅਤੇ ਜਮਨਾਲਾਲ ਬਜਾਜ ਨੇ ਡਾ. ਬੀ.ਆਰ. ਅੰਬੇਡਕਰ ਨੂੰ ਪੁੱਛਿਆ ਕਿ ਉਹ ਗਾਂਧੀ ਦੇ ਕੈਂਪ ਵਿੱਚ ਕਿਉਂ ਨਹੀਂ ਸ਼ਾਮਲ ਹੋਏ ਕਿਉਂਕਿ ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਨੂੰ ਦਲਿਤ ਵਰਗ ਦੇ ਵਿਕਾਸ ਲਈ ਬਹੁਤ ਜ਼ਿਆਦਾ ਦੌਲਤ ਅਤੇ ਸਰੋਤ ਮਿਲਣ ਦੀ ਸੰਭਾਵਨਾ ਹੋਵੇਗੀ। ਡਾ. ਅੰਬੇਡਕਰ ਨੇ ਸਪੱਸ਼ਟ ਜਵਾਬ ਦਿੱਤਾ ਕਿ ਗਾਂਧੀ ਅਤੇ ਉਨ੍ਹਾਂ ਦਾ ਸਰਵਉੱਚ ਮੁੱਦਿਆਂ 'ਤੇ ਮਜ਼ਬੂਤ ਰਿਸ਼ਤਾ ਹੈ। ਵੱਖੋ-ਵੱਖਰੇ ਵਿਚਾਰ ਹਨ। ਇਹ ਸੁਣ ਕੇ, ਉਨ੍ਹਾਂ ਨੇ ਨਹਿਰੂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਵਿਚਾਰਾਂ ਨੂੰ ਇੱਕ ਪਾਸੇ ਛੱਡ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਨਹਿਰੂ ਅਤੇ ਗਾਂਧੀ ਦਾ ਰਸਤਾ। ਇਸ 'ਤੇ, ਉਸਨੇ ਉਨ੍ਹਾਂ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਨਹਿਰੂ ਦੀ ਉਦਾਹਰਣ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੀ ਅਤੇ ਕਿਹਾ ਕਿ ਲਕਸ਼ਮੀ ਦੇ ਦੋਵੇਂ ਪੁੱਤਰ ਆਪਣੀ ਸਫਲਤਾ ਲਈ ਆਪਣੀ ਆਤਮਾ ਨੂੰ ਕੁਰਬਾਨ ਨਹੀਂ ਕਰ ਸਕਦੇ।

ਜਮਨਾਲਾਲ ਬਜਾਜ ਡਾ. ਅੰਬੇਡਕਰ ਦੇ ਸਵਾਗਤ ਲਈ ਇਕੱਠੇ ਹੋਏ ਦਲਿਤਾਂ ਦੀ ਵੱਡੀ ਭੀੜ ਨੂੰ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਭਾਵੇਂ ਉਹ ਹਰੀਜਨਾਂ ਦੀ ਭਲਾਈ 'ਤੇ ਇੰਨਾ ਪੈਸਾ ਖਰਚ ਕਰਦੇ ਹਨ, ਪਰ ਇੰਨਾ ਉਤਸ਼ਾਹੀ ਹੁੰਗਾਰਾ ਨਹੀਂ ਦਿੰਦੇ।

ਡਾ. ਅੰਬੇਡਕਰ ਚੁੱਪ ਰਹਿਣ ਵਾਲੇ ਨਹੀਂ ਸਨ ਅਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ ਇਹੀ ਇੱਕ ਮਾਂ ਅਤੇ ਇੱਕ ਨਰਸ ਵਿੱਚ ਅੰਤਰ ਹੈ।

********************

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com

# ਉਹ ਸਮਾਜ ਜੋ ਹਿੰਦੂਆਂ ਬਣਾਇਆ

ਬਾਬਾ ਸਾਹਿਬ ਡਾ. ਅੰਬੇਡਕਰ

**ਲੜੀ ਵਾਰ ਭਾਗ ਦਸਵਾਂ**

## (ਕੱਲ੍ਹ ਦੇ ਲੇਖ ਦਾ ਬਾਕੀ ਭਾਗ)

ਹੁਣ ਮੰਤਰਾਂ ਨੂੰ ਹੀ ਲਓ। ਉਹ ਵੀ ਪਹਿਲ ਦੇ ਨਿਯਮਾਂ ਦੇ ਮੂਲ ਹਨ। ਹਿੰਦੂ ਧਰਮ ਦੇ ਅਨੁਸਾਰ, ਇੱਕੋ ਸੰਸਕਾਰ ਤਿੰਨ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ: (1) ਵੈਦਿਕ ਤਰੀਕੇ ਨਾਲ, (2) ਸ਼ਾਸਤਰੋਕਤਾ ਤਰੀਕੇ ਨਾਲ, ਅਤੇ (3) ਪੁਰਾਣੋਕਤਾ ਤਰੀਕੇ ਨਾਲ। ਵੈਦਿਕ ਤਰੀਕੇ ਨਾਲ, ਸੰਸਕਾਰ ਵੈਦਿਕ ਮੰਤਰਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੋਕਤਾ ਤਰੀਕੇ ਨਾਲ, ਸੰਸਕਾਰ ਸ਼ਾਸਤਰੀ ਮੰਤਰਾਂ ਨਾਲ ਕੀਤਾ ਜਾਂਦਾ ਹੈ। ਪੁਰਾਣੋਕਤਾ ਤਰੀਕੇ ਨਾਲ, ਸੰਸਕਾਰ ਪੁਰਾਣਿਕ ਮੰਤਰਾਂ ਨਾਲ ਕੀਤਾ ਜਾਂਦਾ ਹੈ। ਹਿੰਦੂ ਗ੍ਰੰਥਾਂ ਦੀਆਂ ਤਿੰਨ ਵੱਖਰੀਆਂ ਸ਼੍ਰੇਣੀਆਂ ਹਨ: (1) ਚਾਰ ਵੇਦ, (2) ਛੇ ਸ਼ਾਸਤਰ, ਅਤੇ (3) ਅਠਾਰਾਂ ਪੁਰਾਣ। ਭਾਵੇਂ ਉਨ੍ਹਾਂ ਨੂੰ ਧਰਮ ਗ੍ਰੰਥ ਕਿਹਾ ਜਾਂਦਾ ਹੈ, ਪਰ ਉਨ੍ਹਾਂ ਦੀ ਵੈਧਤਾ ਇੱਕੋ ਜਿਹੀ ਨਹੀਂ ਹੈ। ਵੇਦਾਂ ਦੀ ਸਭ ਤੋਂ ਵੱਧ ਵੈਧਤਾ ਹੈ। ਵੈਧਤਾ ਦੇ ਮਾਮਲੇ ਵਿੱਚ, ਸ਼ਾਸਤਰ ਦੂਜੇ ਸਥਾਨ 'ਤੇ ਹਨ ਅਤੇ ਪੁਰਾਣਾਂ ਦੀ ਸਭ ਤੋਂ ਘੱਟ ਵੈਧਤਾ ਹੈ। ਮੰਤਰ ਕਿਸ ਤਰ੍ਹਾਂ ਦੀ ਸਮਾਜਿਕ ਤਰਜੀਹ ਨੂੰ ਜਨਮ ਦਿੰਦੇ ਹਨ, ਇਹ ਸਪੱਸ਼ਟ ਹੋ ਜਾਵੇਗਾ ਜੇਕਰ ਅਸੀਂ ਇਹ ਧਿਆਨ ਵਿੱਚ ਰੱਖੀਏ ਕਿ ਹਰ ਜਾਤੀ ਨੂੰ ਵੈਦਿਕ ਤਰੀਕੇ ਨਾਲ ਸੰਸਕਾਰ ਕਰਨ ਦਾ ਅਧਿਕਾਰ ਨਹੀਂ ਹੈ। ਤਿੰਨ ਜਾਤੀਆਂ ਸੋਲ੍ਹਾਂ ਸੰਸਕਾਰਾਂ ਵਿੱਚੋਂ ਕਿਸੇ ਇੱਕ ਨੂੰ ਕਰਨ ਦਾ ਅਧਿਕਾਰ ਦਾਅਵਾ ਕਰ ਸਕਦੀਆਂ ਹਨ। ਪਰ ਵਿਵਸਥਾ ਇਹ ਹੈ ਕਿ ਇੱਕ ਇਸਨੂੰ ਵੈਦਿਕ ਤਰੀਕੇ ਨਾਲ ਕਰ ਸਕਦੀ ਹੈ, ਦੂਜੀ ਇਸਨੂੰ ਸ਼ਾਸਤਰ-ਅਧਾਰਤ ਤਰੀਕੇ ਨਾਲ ਕਰ ਸਕਦੀ ਹੈ ਅਤੇ ਤੀਜੀ ਇਸਨੂੰ ਸਿਰਫ ਪੁਰਾਣਿਕ ਤਰੀਕੇ ਨਾਲ ਹੀ ਕਰ ਸਕਦੀ ਹੈ। ਪੁਰਾਣਿਕ ਕ੍ਰਮ ਮੰਤਰ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ, ਜਿਸਦੀ ਵਰਤੋਂ ਇੱਕ ਜਾਤੀ ਨੂੰ ਧਾਰਮਿਕ ਸੰਸਕਾਰਾਂ ਲਈ ਕਰਨ ਦਾ ਅਧਿਕਾਰ ਹੈ। ਵੈਦਿਕ ਮੰਤਰ ਦੀ ਵਰਤੋਂ ਕਰਨ ਵਾਲੀ ਜਾਤੀ ਉਸ ਜਾਤੀ ਨਾਲੋਂ ਉੱਚੀ ਹੈ ਜੋ ਸ਼ਾਸਤਰੀ ਮੰਤਰ ਦੀ ਵਰਤੋਂ ਕਰਦੀ ਹੈ। ਸ਼ਾਸਤਰੀ ਮੰਤਰ ਦੀ ਵਰਤੋਂ ਕਰਨ ਵਾਲੀ ਜਾਤੀ ਉਸ ਜਾਤੀ ਨਾਲੋਂ ਉੱਚੀ ਹੈ ਜੋ ਪੁਰਾਣਿਕ ਮੰਤਰ ਦੀ ਵਰਤੋਂ ਕਰਦੀ ਹੈ।

ਹਿੰਦੂ ਧਰਮ ਨਾਲ ਸਬੰਧਤ ਪੁਰਾਣਿਕ ਕ੍ਰਮ ਦਾ ਤੀਜਾ ਸਰੋਤ ਪੁਜਾਰੀ ਹੈ। ਧਰਮ ਉਮੀਦ ਕਰਦਾ ਹੈ ਕਿ ਜੇਕਰ ਧਾਰਮਿਕ ਸੰਸਕਾਰਾਂ ਦਾ ਪੂਰਾ ਲਾਭ ਪ੍ਰਦਾਨ ਕਰਨਾ ਹੈ, ਤਾਂ ਇਸਨੂੰ ਸਿਰਫ਼ ਪੁਜਾਰੀ ਰਾਹੀਂ ਹੀ ਪ੍ਰਾਪਤ ਕਰਨਾ ਪਵੇਗਾ। ਧਾਰਮਿਕ ਗ੍ਰੰਥਾਂ ਨੇ ਬ੍ਰਾਹਮਣ ਨੂੰ ਪੁਜਾਰੀ ਨਿਯੁਕਤ ਕੀਤਾ ਹੈ। ਇਸ ਲਈ, ਬ੍ਰਾਹਮਣ ਤੋਂ ਬਿਨਾਂ ਕੰਮ ਨਹੀਂ ਹੋ ਸਕਦਾ। ਪਰ ਧਰਮ ਗ੍ਰੰਥ ਇਹ ਉਮੀਦ ਨਹੀਂ ਕਰਦੇ ਕਿ ਕਿਸੇ ਵੀ ਜਾਤੀ ਦਾ ਕੋਈ ਹਿੰਦੂ ਕਿਸੇ ਧਾਰਮਿਕ ਸਮਾਰੋਹ ਵਿੱਚ ਆਪਣੇ ਮੇਜ਼ਬਾਨ ਵਜੋਂ ਸੇਵਾ ਕਰਨ ਲਈ ਬ੍ਰਾਹਮਣ ਦੇ ਸੱਦੇ ਨੂੰ ਸਵੀਕਾਰ ਕਰੇਗਾ। ਉਹ ਬ੍ਰਾਹਮਣ ਦੇ ਸੱਦੇ ਨੂੰ ਸਵੀਕਾਰ ਕਰਦਾ ਹੈ ਜਾਂ ਨਹੀਂ, ਇਹ ਬ੍ਰਾਹਮਣ ਦੇ ਵਿਵੇਕ 'ਤੇ ਛੱਡ ਦਿੱਤਾ ਗਿਆ ਹੈ। ਲੰਬੀ ਅਤੇ ਸਥਾਪਿਤ ਪਰੰਪਰਾ ਦੁਆਰਾ, ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ ਕਿਸ ਦੇ ਸੱਦੇ ਨੂੰ ਸਵੀਕਾਰ ਕਰੇਗਾ ਅਤੇ ਕਿਸ ਨੂੰ ਨਹੀਂ। ਇਹ ਤੱਥ ਜਾਤਾਂ ਵਿੱਚ ਪਹਿਲ ਦਾ ਆਧਾਰ ਬਣ ਗਿਆ ਹੈ। ਜਿਸ ਜਾਤੀ ਦਾ ਮੇਜ਼ਬਾਨ ਬ੍ਰਾਹਮਣ ਦੀ ਸੇਵਾ ਕਰੇਗਾ, ਉਹ ਉਸ ਜਾਤੀ ਨਾਲੋਂ ਉੱਚੀ ਹੋਵੇਗੀ ਜਿਸ ਦੇ ਮੇਜ਼ਬਾਨ ਦੀ ਉਹ ਸੇਵਾ ਨਹੀਂ ਕਰੇਗਾ।

ਪਹਿਲ ਦੇ ਨਿਯਮਾਂ ਦਾ ਦੂਜਾ ਸਰੋਤ ਸਹਿ-ਵਿਆਹ ਹੈ। ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਵਿਆਹ ਦੇ ਨਿਯਮਾਂ ਨੇ ਸਹਿ-ਵਿਆਹ ਦੇ ਨਿਯਮਾਂ ਦੇ ਉਲਟ, ਪਹਿਲ ਦੇ ਨਿਯਮਾਂ ਨੂੰ ਜਨਮ ਨਹੀਂ ਦਿੱਤਾ ਹੈ। ਇਸਦਾ ਕਾਰਨ ਇਹ ਹੈ ਕਿ ਸਵ-ਵਿਆਹ ਅਤੇ ਸਹਿ-ਵਿਆਹ ਨੂੰ ਰੋਕਣ ਵਾਲੇ ਨਿਯਮਾਂ ਵਿੱਚ ਅੰਤਰ ਹੈ। ਅੰਤਰ ਸਪੱਸ਼ਟ ਹੈ। ਸਵ-ਵਿਆਹ ਦੀ ਮਨਾਹੀ ਅਜਿਹੀ ਹੈ ਕਿ ਇਸਦਾ ਨਾ ਸਿਰਫ਼ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਬਲਕਿ ਬਹੁਤ ਸਖ਼ਤੀ ਨਾਲ ਪਾਲਣਾ ਵੀ ਕੀਤੀ ਜਾਣੀ ਚਾਹੀਦੀ ਹੈ, ਪਰ ਸਹਿ-ਵਿਆਹ ਦੀ ਮਨਾਹੀ ਮੁਸ਼ਕਲਾਂ ਪੈਦਾ ਕਰਦੀ ਹੈ। ਇਸਦੀ ਪਾਲਣਾ ਸਾਰੀਆਂ ਥਾਵਾਂ 'ਤੇ ਅਤੇ ਸਾਰੀਆਂ ਸਥਿਤੀਆਂ ਵਿੱਚ ਬਹੁਤ ਸਖ਼ਤੀ ਨਾਲ ਨਹੀਂ ਕੀਤੀ ਜਾ ਸਕਦੀ। ਇੱਕ ਆਦਮੀ ਬਾਹਰ ਜਾਂਦਾ ਹੈ ਅਤੇ ਉਸਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣਾ ਪੈਂਦਾ ਹੈ। ਇਹ ਸੰਭਵ ਹੈ ਕਿ ਉਹ ਜਿੱਥੇ ਵੀ ਜਾਂਦਾ ਹੈ, ਉਸਨੂੰ ਆਪਣੇ ਜਾਤੀ-ਭਰਾ ਨਾ ਮਿਲਣ। ਇਹ ਸੰਭਵ ਹੈ ਕਿ ਉਹ ਅਜਨਬੀਆਂ ਵਿੱਚ ਫਸ ਸਕਦਾ ਹੈ। ਵਿਆਹ ਮੁਲਤਵੀ ਕੀਤਾ ਜਾ ਸਕਦਾ ਹੈ, ਪਰ ਭੋਜਨ ਨਹੀਂ। ਵਿਆਹ ਉਦੋਂ ਤੱਕ ਉਡੀਕ ਕਰ ਸਕਦਾ ਹੈ ਜਦੋਂ ਤੱਕ ਉਹ ਆਪਣੇ ਜਾਤੀ-ਭਰਾਵਾਂ ਦੇ ਸਮਾਜ ਵਿੱਚ ਵਾਪਸ ਨਹੀਂ ਆ ਜਾਂਦਾ। ਪਰ ਭੋਜਨ ਦੇ ਮਾਮਲੇ ਵਿੱਚ ਉਹ ਇੰਤਜ਼ਾਰ ਨਹੀਂ ਕਰ ਸਕਦਾ। ਭੋਜਨ ਕਿਤੇ ਵੀ, ਕਿਸੇ ਤੋਂ ਵੀ ਪ੍ਰਾਪਤ ਕਰਨਾ ਪੈਂਦਾ ਹੈ। ਸਵਾਲ ਇਹ ਉੱਠਦਾ ਹੈ ਕਿ ਜੇਕਰ ਉਸਨੂੰ ਭੋਜਨ ਸਵੀਕਾਰ ਕਰਨਾ ਹੈ, ਤਾਂ ਉਸਨੂੰ ਕਿਸ ਜਾਤੀ ਤੋਂ ਸਵੀਕਾਰ ਕਰਨਾ ਚਾਹੀਦਾ ਹੈ। ਨਿਯਮ ਇਹ ਹੈ ਕਿ ਉਹ ਉੱਚ ਜਾਤੀ ਤੋਂ ਭੋਜਨ ਸਵੀਕਾਰ ਕਰੇਗਾ, ਪਰ ਆਪਣੀ ਜਾਤੀ ਤੋਂ ਨਹੀਂ। ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਇਹ ਕਿਵੇਂ ਫੈਸਲਾ ਕੀਤਾ ਗਿਆ ਸੀ ਕਿ ਇੱਕ ਹਿੰਦੂ ਇੱਕ ਜਾਤੀ ਤੋਂ ਭੋਜਨ ਸਵੀਕਾਰ ਕਰ ਸਕਦਾ ਹੈ ਅਤੇ ਦੂਜੀ ਤੋਂ ਨਹੀਂ। ਹਰ ਹਿੰਦੂ ਇੱਕ ਲੰਮੀ ਪਰੰਪਰਾ ਤੋਂ ਜਾਣਦਾ ਹੈ ਕਿ ਉਹ ਕਿਸ ਜਾਤੀ ਤੋਂ ਭੋਜਨ ਸਵੀਕਾਰ ਕਰ ਸਕਦਾ ਹੈ ਅਤੇ ਕਿਸ ਤੋਂ ਨਹੀਂ। ਇਹ ਮੁੱਖ ਤੌਰ 'ਤੇ ਬ੍ਰਾਹਮਣਾਂ ਦੇ ਨਿਯਮਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਜਿਸ ਜਾਤੀ ਤੋਂ ਬ੍ਰਾਹਮਣ ਭੋਜਨ ਸਵੀਕਾਰ ਕਰਦਾ ਹੈ ਉਹ ਉੱਚੀ ਹੈ ਅਤੇ ਜਿਸ ਤੋਂ ਉਹ ਨਹੀਂ ਸਵੀਕਾਰ ਕਰਦਾ ਉਹ ਨੀਵੀਂ ਹੈ। ਭੋਜਨ ਸੰਬੰਧੀ ਬ੍ਰਾਹਮਣਾਂ ਦੇ ਨਿਯਮ ਵਿਸਤ੍ਰਿਤ ਹਨ: (1) ਉਹ ਸਿਰਫ਼ ਕੁਝ ਜਾਤੀਆਂ ਤੋਂ ਪਾਣੀ ਲਵੇਗਾ ਅਤੇ ਦੂਜਿਆਂ ਤੋਂ ਨਹੀਂ, (2) ਇੱਕ ਬ੍ਰਾਹਮਣ ਕਿਸੇ ਵੀ ਜਾਤੀ ਤੋਂ ਭੋਜਨ ਸਵੀਕਾਰ ਨਹੀਂ ਕਰੇਗਾ ਜੋ ਪਾਣੀ ਵਿੱਚ ਪਕਾਇਆ ਗਿਆ ਹੋਵੇ, ਅਤੇ (3) ਕੁਝ ਜਾਤੀਆਂ ਤੋਂ ਉਹ ਸਿਰਫ਼ ਤੇਲ ਵਿੱਚ ਭੁੰਨੇ ਹੋਏ ਭੋਜਨ ਲਵੇਗਾ। ਫਿਰ, ਭਾਂਡਿਆਂ ਬਾਰੇ ਨਿਯਮ ਹਨ। ਉਹ ਉਨ੍ਹਾਂ ਅਨੁਸਾਰ ਭੋਜਨ ਅਤੇ ਪਾਣੀ ਲਵੇਗਾ। ਕੁਝ ਜਾਤੀਆਂ ਤੋਂ ਉਹ ਮਿੱਟੀ ਦੇ ਭਾਂਡਿਆਂ ਵਿੱਚ ਭੋਜਨ ਜਾਂ ਪਾਣੀ ਸਵੀਕਾਰ ਕਰੇਗਾ, ਕੁਝ ਤੋਂ ਉਹ ਸਿਰਫ਼ ਧਾਤ ਦੇ ਭਾਂਡਿਆਂ ਵਿੱਚ ਸਵੀਕਾਰ ਕਰੇਗਾ ਅਤੇ ਕੁਝ ਤੋਂ ਉਹ ਸਿਰਫ਼ ਕੱਚ ਦੇ ਭਾਂਡਿਆਂ ਵਿੱਚ ਸਵੀਕਾਰ ਕਰੇਗਾ। ਇਹ ਜਾਤੀ ਦਾ ਪੱਧਰ ਵੀ ਨਿਰਧਾਰਤ ਕਰਦਾ ਹੈ। ਜੇਕਰ ਉਹ ਕਿਸੇ ਜਾਤੀ ਦਾ ਤੇਲ ਵਿੱਚ ਭੁੰਨਿਆ ਹੋਇਆ ਭੋਜਨ ਸਵੀਕਾਰ ਕਰਦਾ ਹੈ, ਤਾਂ ਉਸਦਾ ਦਰਜਾ ਉਸ ਜਾਤੀ ਤੋਂ ਉੱਚਾ ਹੁੰਦਾ ਹੈ ਜਿਸ ਤੋਂ ਉਹ ਸਵੀਕਾਰ ਨਹੀਂ ਕਰਦਾ। ਜਿਸ ਜਾਤੀ ਤੋਂ ਉਹ ਪਾਣੀ ਸਵੀਕਾਰ ਕਰਦਾ ਹੈ ਉਹ ਉਸ ਜਾਤੀ ਤੋਂ ਉੱਚਾ ਹੁੰਦਾ ਹੈ ਜਿਸ ਤੋਂ ਉਹ ਪਾਣੀ ਸਵੀਕਾਰ ਨਹੀਂ ਕਰਦਾ। ਜੇਕਰ ਉਹ ਧਾਤ ਦੇ ਘੜੇ ਵਿੱਚ ਪਾਣੀ ਸਵੀਕਾਰ ਕਰਦਾ ਹੈ, ਤਾਂ ਉਹ ਜਾਤੀ ਉਸ ਜਾਤੀ ਤੋਂ ਉੱਚੀ ਹੁੰਦੀ ਹੈ ਜਿਸ ਤੋਂ ਉਹ ਮਿੱਟੀ ਦੇ ਘੜੇ ਵਿੱਚ ਪਾਣੀ ਸਵੀਕਾਰ ਕਰੇਗਾ। ਜਿਸ ਜਾਤੀ ਤੋਂ ਉਹ ਮਿੱਟੀ ਦੇ ਘੜੇ ਵਿੱਚ ਪਾਣੀ ਸਵੀਕਾਰ ਕਰੇਗਾ ਉਹ ਉਸ ਜਾਤੀ ਤੋਂ ਉੱਚਾ ਹੁੰਦਾ ਹੈ ਜਿਸ ਤੋਂ ਉਹ ਕੱਚ ਦੇ ਘੜੇ ਵਿੱਚ ਪਾਣੀ ਸਵੀਕਾਰ ਕਰੇਗਾ। ਕੱਚ ਇੱਕ ਤੱਤ ਹੈ ਜਿਸਨੂੰ 'ਨਿਰਲੇਪ' (ਨਿਰਦੋਸ਼) ਕਿਹਾ ਜਾਂਦਾ ਹੈ। ਇਸ ਲਈ ਇੱਕ ਬ੍ਰਾਹਮਣ ਸਭ ਤੋਂ ਨੈਤਿਕ ਜਾਤੀ ਤੋਂ ਵੀ ਇਸ ਤੋਂ ਪਾਣੀ ਸਵੀਕਾਰ ਕਰ ਸਕਦਾ ਹੈ। ਪਰ ਹੋਰ ਧਾਤਾਂ ਅਸ਼ੁੱਧੀਆਂ ਨੂੰ ਸਵੀਕਾਰ ਕਰਦੀਆਂ ਹਨ। ਅਸ਼ੁੱਧੀਆਂ ਦੀ ਸਵੀਕ੍ਰਿਤੀ ਇਸਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਸਥਿਤੀ 'ਤੇ ਵੀ ਨਿਰਭਰ ਕਰਦੀ ਹੈ। ਇਹ ਬ੍ਰਾਹਮਣ ਦੀ ਘੜੇ ਵਿੱਚ ਪਾਣੀ ਸਵੀਕਾਰ ਕਰਨ ਦੀ ਇੱਛਾ 'ਤੇ ਨਿਰਭਰ ਕਰਦਾ ਹੈ। ਇਹ ਕੁਝ ਚੀਜ਼ਾਂ ਹਨ ਜੋ ਇਸ ਪਰੰਪਰਾਗਤ ਹਿੰਦੂ ਜਾਤੀ ਪ੍ਰਣਾਲੀ ਵਿੱਚ ਜਾਤੀ ਦਾ ਸਥਾਨ ਅਤੇ ਸਥਿਤੀ ਨਿਰਧਾਰਤ ਕਰਦੀਆਂ ਹਨ।

**ਲੇਖ ਦਾ ਬਾਕੀ ਭਾਗ ਕੱਲ੍ਹ.....**

# ਕਾਂਗਰਸ ਸੰਵਿਧਾਨ ਦੀ ਫਿਕਰ ਛੱਡ ਕੇ ਈਵੀਐਮ ਦੇ ਖਿਲਾਫ ਅੰਦੋਲਨ ਸ਼ੁਰੂ ਕਰ-ਕਾਲੀ ਪਾਇਲ

## ਈਵੀਐਮ ਕਾਂਗਰਸ ਅਤੇ ਭਾਜਪਾ ਦੀ ਸੱਤਾ ਲਈ ਕੁੰਜੀ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ
INTERNATIONAL PAPER, 9463601616
hardipchumber57@gmail.com

ਕਾਂਗਰਸ ਵਾਲੇ ਇਹ ਸਮਝ ਲੈਣ ਕਿ ਹੁਣ ਲੋਕ ਪਹਿਲਾਂ ਵਾਲੇ ਨਹੀਂ ਕਿ ਉਹ ਤੁਹਾਡੀਆਂ ਗੱਲਾਂ ਵਿੱਚ ਆ ਕੇ ਬੇਵਕੂਫ ਬਣ ਜਾਣਗੇ ਕਿਉਂਕਿ ਮੌਜੂਦਾ ਦੌਰ ਪੜ੍ਹੇ ਲਿਖੇ ਅਤੇ ਸੋਸ਼ਲ ਮੀਡੀਆ ਦਾ ਯੁੱਗ ਹੈ,ਲੋਕਾਂ ਨੂੰ ਹਰ ਇੱਕ ਗੱਲ ਸਮੇਂ ਤੋਂ ਪਹਿਲਾਂ ਹੀ ਪਤਾ ਲੱਗ ਜਾਂਦੀ ਹੈ ਹੁਣ ਜੇ ਤੁਸੀਂ ਸੰਵਿਧਾਨ ਬਚਾਉਣ ਦਾ ਰੌਲਾ ਪਾ ਰਹੇ ਹੋ ਇਹ ਸਿਰਫ ਤੇ ਸਿਰਫ ਪੰਜਾਬ ਦੇ ਲੋਕਾਂ ਨੂੰ ਬੇਵਕੂਫ ਬਣਾ ਕੇ ਸੱਤਾ ਪ੍ਰਾਪਤੀ ਦਾ ਨਾਟਕ ਹੈ ਅਗਰ ਤੁਸੀਂ ਸੱਚ ਮੁੱਚ ਹੀ ਸੰਵਿਧਾਨ ਅਤੇ ਦੇਸ਼ ਦੇ ਲੋਕਾਂ ਦੀ ਖਾਤਰ ਲੜਨਾ ਚਾਹੁੰਦੇ ਹੋ ਤਾਂ ਦੇਸ਼ ਅੰਦਰ ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਈਵੀਐਮ ਮਸ਼ੀਨ ਲੈ ਕੇ ਆਈ ਸੀ ਅਤੇ ਹੁਣ ਵੀ ਈਵੀਐਮ ਨਾਲ ਵੋਟਿੰਗ ਹੋ ਰਹੀ ਹੈ ਉਸ ਵਿਰੁੱਧ ਦੇਸ਼ ਵਿਆਪੀ ਅੰਦੋਲਨ ਚਲਾ ਕੇ ਦਿਖਾਓਣ ਤਾਂ ਮੰਨਾਂਗੇ ਕਿ ਇਹ ਸੰਵਿਧਾਨ ਨੂੰ ਬਚਾਉਣਾ ਚਾਹੁੰਦੇ ਹਨ ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਉਘੇ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਨੇ ਇੱਕ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ

ਉਹਨਾਂ ਨੇ ਅੱਗੇ ਕਿਹਾ ਕਿ ਦੇਸ਼ ਅੰਦਰ ਲੰਬੇ ਸਮੇਂ ਤੋਂ ਕਾਂਗਰਸ ਦਾ ਰਾਜ ਰਿਹਾ ਹੈ ਲਗਭਗ 106 ਵਾਰ ਸੰਵਿਧਾਨ ਨਾਲ ਛੇੜਛਾੜ ਹੋ ਚੁੱਕੀ ਹੈ ਜਿਸ ਵਿੱਚ ਕਾਂਗਰਸ ਦੇ 60 ਸਾਲ ਦੇ ਰਾਜ ਵਿੱਚ 80 ਵਾਰ ਸੰਵਿਧਾਨ ਨਾਲ ਛੇੜਛਾੜ ਹੋਈ ਹੈ,ਅੱਜ ਸੰਵਿਧਾਨ ਨੂੰ ਸਭ ਤੋਂ ਵੱਧ ਖਤਰਾ ਕਾਂਗਰਸ ਅਤੇ ਬੀਜੇਪੀ ਤੋਂ ਹੈ ਜੋ ਸੰਵਿਧਾਨ ਨੂੰ ਤਾਂ ਹੱਥ ਵਿੱਚ ਫੜ ਲੈਂਦੀ ਹੈ ਪਰੰਤੂ ਜਦੋਂ ਸੱਤਾ ਪ੍ਰਾਪਤੀ ਹੋ ਜਾਂਦੀ ਤਾਂ ਸੰਵਿਧਾਨ ਦੀਆਂ ਜੜ੍ਹਾਂ ਕੁਤਰਨ ਅਤੇ ਇੱਥੋਂ ਦੇ ਲੋਕਾਂ, ਮੁਲਾਜ਼ਮਾਂ, ਕਿਸਾਨਾਂ, ਦਲਿਤਾਂ ਅਤੇ ਮਜ਼ਦੂਰਾਂ ਦੇ ਦੇ ਹੱਕਾਂ ਤੇ ਸਹੂਲਤਾਂ ਨੂੰ ਖਤਮ ਕਰਨ ਸੰਵਿਧਾਨ ਨਾਲ ਛੇੜਛਾੜ ਕਰਕੇ ਨਵੇ-ਨਵੇ ਹੱਥ ਕੰਡੇ ਅਪਣਾਉਂਦੇ ਹਨ, 1984 ਦਾ ਸਿੱਖ ਕਤਲੇਆਮ ਅਤੇ 2002 ਦਾ ਗੋਦਰਾ ਕਾਂਡ ਸੰਵਿਧਾਨ ਦੇ ਉਲਟ



ਧਰਮ ਇੱਕ ਵਿਸ਼ੇਸ਼ ਧਰਮ ਨੂੰ ਟਾਰਗੇਟ ਕਰਕੇ ਉਹਨਾਂ ਦੀ ਨਸਲ ਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਦਕਿ ਸੰਵਿਧਾਨ ਕਹਿੰਦਾ ਹੈ ਕਿਸੇ ਵੀ ਵਿਅਕਤੀ ਨਾਲ ਧਰਮ ਜਾਤ ਨਸਲ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾਣ ਜਾ ਸਕਦਾ ਪ੍ਰੰਤੂ ਇਹ ਦੋਨੋਂ ਹੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਵਿੱਚ ਸਭ ਤੋਂ ਮੋਹਰੀ ਹਨ

# ਇਲਾਕੇ ਦੀਆਂ ਗੰਭੀਰ ਸਮੱਸਿਆਵਾਂ ਨੂੰ ਲੈ ਕੇ ਸਮਾਜ ਸੇਵੀਆਂ ਦਾ ਵਫ਼ਦ ਗੜ੍ਹਸ਼ੰਕਰ ਐਸ ਡੀ ਐਮ ਨੂੰ ਮਿਲਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਗੜ੍ਹਸ਼ੰਕਰ ਇਲਾਕੇ ਵਿੱਚ ਕੰਮ ਕਰ ਰਹੀਆਂ ਵੱਖ ਵੱਖ ਸੰਸਥਾਵਾਂ ਆਦਰਸ਼ ਸੋਸ਼ਲ ਵੈਲਫੇਅਰ ਸੋਸਾਇਟੀ ਰਜਿ. ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ, ਜੀਵਨ ਜਾਗ੍ਰਿਤੀ ਮੰਚ ਰਜਿ., ਦੁਆਬਾ ਸਾਹਿਤ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸਾਂਝੇ ਵਫਦ ਵਲੋਂ ਸਾਂਝੇ ਰੂਪ ਵਿੱਚ ਇਲਾਕੇ ਦੀ ਗੰਭੀਰ ਸਮੱਸਿਆ ਬਾਰੇ ਐਸਡੀਐਮ ਮੈਡਮ ਓਜਿਸੀ ਮੰਡਲ ਨਾਲ ਮੁਲਾਕਾਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਆਦਰਸ਼ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸ਼ਤੀਸ਼ ਕੁਮਾਰ ਸੋਨੀ ਅਤੇ ਅਧਿਆਪਕ ਆਗੂ ਮੁਕੇਸ਼ ਕੁਮਾਰ ਨੇ ਦੱਸਿਆ ਕਿ ਗੜ੍ਹਸ਼ੰਕਰ ਤੋਂ ਕੋਟ-ਫਤੂਹੀ ਜਾ ਰਹੀ ਨਹਿਰ ਦੇ ਨਾਲ ਨਾਲ ਜਾ ਰਹੀ ਸੜਕ 'ਤੇ ਪਿਛਲੇ ਡੇਢ ਦੇ ਮਹੀਨੇ ਵਿੱਚ ਨਹਿਰ ਦੇ ਨਾਲ ਰੇਲਿੰਗ ਨਾ ਹੋਣ ਕਾਰਨ ਕਾਫੀ ਐਕਸੀਡੈਂਟ ਹੋ ਚੁੱਕੇ ਹਨ। ਇਹਨਾਂ ਐਕਸੀਡੈਂਟਾਂ ਵਿੱਚ ਕਾਫੀ ਜਾਨ ਮਾਲ ਦਾ ਨੁਕਸਾਨ ਹੋ ਚੁੱਕਾ ਹੈ ਅਤੇ ਇਸੇ ਤਰੀਕੇ ਨਾਲ ਗੜ੍ਹਸ਼ੰਕਰ ਤੋਂ ਬਲਾਚੌਰ ਜਾ ਰਹੀ ਸੜਕ 'ਤੇ ਸਮੁੰਦੜੇ ਦੇ ਕੋਲ ਦੁਬਾਰਾ ਸੜਕ ਵਿੱਚ ਡੂੰਘੇ ਟੋਏ ਪੈ ਚੁੱਕੇ ਹਨ। ਇਹਨਾਂ ਦੋਹਾਂ ਸਮੱਸਿਆਵਾਂ ਬਾਰੇ ਐਸਡੀਐਮ ਮੈਡਮ ਨੇ ਗੰਭੀਰਤਾ ਪੂਰਵਕ ਗੱਲ ਸੁਣਦਿਆਂ ਹੋਇਆਂ ਐਕਸੀਅਨ ਨੂੰ ਲੈ ਕੇ ਖੁਦ ਵਿਜਿਟ ਕਰਕੇ ਇਸ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਸਮੇਂ ਵਫਦ ਵਿੱਚ ਪ੍ਰਿੰਸੀਪਲ ਬਿੱਕਰ ਸਿੰਘ, ਸੰਤੋਖ ਸਿੰਘ, ਸੁਰਜੀਤ ਸਿੰਘ, ਮਨਦੀਪ ਕੁਮਾਰ, ਕਮਲਦੇਵ, ਸੁਖਦੇਵ ਡਾਨਸੀਵਾਲ, ਡਾ. ਲਖਵਿੰਦਰ ਲੱਕੀ, ਪ੍ਰੀਤ ਪਾਰੋਵਾਲੀਆ, ਅਮਰਜੀਤ ਸਿੰਘ ਬੰਗੜ, ਹੰਸਰਾਜ

# ਬਹੁਜਨ ਸਮਾਜ ਪਾਰਟੀ ਬਲਾਚੌਰ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ
INTERNATIONAL PAPER, 9463601616
hardipchumber57@gmail.com









ਬਲਾਚੌਰ( ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾ ਨਿਰਦੇਸ਼ ਹੇਠ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਚਰਨਜੀਤ ਸੁਮਨ ਪ੍ਰਧਾਨ ਵਿਧਾਨ ਸਭਾ ਹਲਕਾ ਬਲਾਚੌਰ, ਤੇ ਇੰਚਾਰਜ ਭੁਪਿੰਦਰ ਬੇਗਮਪੁਰੀ ਜੀ ਦੀ ਅਗਵਾਈ ਵਿੱਚ ਕੱਢਿਆ ਗਿਆ ਇਹ ਰੋਸ ਪ੍ਰਦਰਸ਼ਨ ਸ੍ਰੀ ਖੁਰਾਲਗੜ੍ਹ ਸਾਹਿਬ ਖੋਲੇ ਗਏ ਤਿੰਨ ਸ਼ਰਾਬ ਦੀ ਠੇਕਿਆਂ ਅਤੇ ਪੰਜਾਬ ਅੰਦਰ ਹੋ ਰਹੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਜੀ ਦੀ ਬੇਅਦਬੀ ਸਬੰਧੀ ਕੱਢਿਆ ਗਿਆ ਇਸ ਰੋਸ ਪ੍ਰਦਰਸ਼ਨ ਵਿੱਚ ਸ੍ਰੀ ਪ੍ਰਵੀਨ ਬੰਗਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ, ਸੂਬਾ ਸਕੱਤਰ ਦਿਲਬਾਗ ਚੰਦ ਮਹਿੰਦੀਪੁਰ, ਜਿਲਾ ਪ੍ਰਧਾਨ ਸਰਬਜੀਤ ਸਿੰਘ ਜਾਫਰਪੁਰ, ਜਿਲਾ ਇੰਚਾਰਜ ਦਵਿੰਦਰ ਸੀਮਰ, ਜਿਲਾ ਜਨਰਲ ਸਕੱਤਰ ਮਨਜੀਤ ਸਿੰਘ ਸੂਦ ਉਚੇਚੇ ਤੌਰ ਤੇ ਸ਼ਾਮਿਲ ਹੋਏ ਇਸ ਰੋਜ਼ ਰੋਸ ਪ੍ਰਦਰਸ਼ਨ ਵਿੱਚ ਪੰਜਾਬ ਅਤੇ ਸੂਬਾ ਅਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਗਵਰਨਰ ਦੇ ਨਾਮ ਤਹਿਸੀਲਦਾਰ ਬਲਾਚੌਰ ਨੂੰ ਇੱਕ ਮੈਂਬਰ ਮੰਗ ਪੱਤਰ ਸੌਂਪਿਆ ਗਿਆ ਇਸ ਰੋਸ ਪ੍ਰਦਰਸ਼ਨ ਵਿੱਚ ਤੇ ਤਹਿਸੀਲ ਬਲਾਚੌਰ ਦੀ ਸਾਰੀ ਬਸਪਾ ਟੀਮ ਨੇ ਪੂਰਨ ਸਹਿਯੋਗ ਦਿੱਤਾ

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਔਰਤ ਵਿੰਗ ਦੀ ਜ਼ੋਨਲ ਕਮੇਟੀ ਦੀ ਕੀਤੀ ਗਈ ਚੋਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਜੁਲਾਈ
INTERNATIONAL PAPER, 9463601616
hardipchumber57@gmail.com







ਬੰਗਾ( ਚਰਨਜੀਤ ਸੱਲ੍ਹਾਂ ) ਜਾਰੀ ਕਰਤਾ, ਜਸਬੀਰ ਕੌਰ ਹੇੜੀਕੇ, 62393,69289

ਬੇਗਮਪੁਰੇ ਦੀ ਉਸਾਰੀ ਮੌਕੇ ਜੇਲ ਗਈਆਂ ਔਰਤਾਂ ਦਾ ਕੀਤਾ ਗਿਆ ਸਨਮਾਨ (25 ਜੁਲਾਈ ਨੂੰ ਜਬਰ ਵਿਰੋਧੀ ਰੈਲੀ ਸੰਗਰੂਰ ਵਿੱਚ ਕਰਨਗੀਆਂ ਹਜਾਰਾਂ ਔਰਤਾਂ ਸਮੂਲੀਅਤ) (ਸ਼ਾਦੀਹਰੀ ਤੋਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਲਖਵਿੰਦਰ ਸਿੰਘ ਦੀ ਗ੍ਰਿਫਤਾਰੀ ਦੀ ਸਖਤ ਸ਼ਬਦਾਂ ਵਿੱਚ ਕੀਤੀ ਗਈ ਨਿਖੇਧੀ)

ਇਹ ਮੀਟਿੰਗ ਭਵਾਨੀਗੜ ਦੇ ਗੁਰਦੁਆਰਾ ਗੁਰੂ ਰਵਿਦਾਸ ਬੇਗਮਪੁਰਾ ਸਾਹਿਬ ਵਿੱਚ ਜਸਵੀਰ ਕੌਰ, ਅਮਨਦੀਪ ਕੌਰ ਬੌੜਾਂ, ਗੁਰਦੇਵ ਕੌਰ ਸੁਖਵਿੰਦਰ ਕੌਰ, ਕਿਰਨਜੀਤ ਕੌਰ ਤੇਲੇਵਾਲ, ਆਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਵਿੱਚ ਇਹ ਪ੍ਰੋਗਰਾਮ ਨੇਪਰੇ ਚਾੜ੍ਹਿਆ। ਇਸ ਪ੍ਰੋਗਰਾਮ ਵਿਚ ਡਾਕਟਰ ਜਤਿੰਦਰ ਸਿੰਘ, ਐਡਵੋਕੇਟ ਆਰਤੀ ਡਾਕਟਰ ਮੋਨਿਕਾ ਸਬਰਵਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ । ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸ਼ੀਤਲ ਰੰਗ ਮੰਚ ਦੁਆਰਾ ਜਮੀਨੀ ਘੋਲ ਵਿੱਚ ਔਰਤਾਂ ਦੀ ਭੂਮਿਕਾ ਨੂੰ ਦਰਸ਼ਾਉਂਦਾ ਨਾਟਕ ਵੀ ਖੇਡਿਆ ਗਿਆ।

ਮੁੱਖ ਮਹਿਮਾਨ ਡਾਕਟਰ ਜਤਿੰਦਰ, ਐਡਵੋਕੇਟ ਆਰਤੀ ਅਤੇ ਮੋਨਿਕਾ ਸਬਰਵਾਲ ਨੇ ਕਿਹਾ 16ਵੀਂ 17ਵੀਂ ਸਦੀ ਵਿੱਚ ਬੇਗਮਪੁਰੇ ਦਾ ਸੁਪਨਾ ਅੱਜ 21ਵੀਂ ਸਦੀ ਵਿੱਚ ਪੂਰੇ ਕਰਨ ਦੀ ਕੋਸ਼ਿਸ਼ ਨਵੇਂ ਅਯਾਮ ਸਿਰਜ ਰਹੀ ਹੈ। ਬੇਗਮਪੁਰੇ ਦੀ ਇਹ ਲੜਾਈ ਨੇ ਅੱਜ ਹਰ ਚਿੰਤਨਸ਼ੀਲ ਮਨੁੱਖ ਨੂੰ ਝੰਝੋੜਿਆ ਹੈ ਅਤੇ ਇਹ ਅੱਜ ਸਾਡੇ ਮਨੁੱਖ ਹੋਣ ਦਾ ਹੀ ਸੰਘਰਸ਼ ਹੈ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਜਸਬੀਰ ਕੌਰ ਹੜੀਕੇ ਅਤੇ ਸੁਖਵਿੰਦਰ ਕੌਰ ਮੰਡੇੜ ਨੇ ਕਿਹਾ ਕਿ ਜਮੀਨ ਦੀ ਕਾਣੀ ਵੰਡ ਦੇ ਖਿਲਾਫ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹੈ ਅਤੇ ਪਿਛਲੀ ਵੀ ਤਰੀਕ ਨੂੰ ਬੇਗਮਪੁਰੇ ਦੀ ਉਸਾਰੀ ਲਈ ਪਹੁੰਚੇ ਸੈਂਕੜੇ ਦਲਿਤਾਂ ਨੂੰ ਪੁਲਿਸ ਜਬਰ ਰਾਹੀਂ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਅਜੇ ਵੀ ਬਿੱਕਰ ਸਿੰਘ ਹਥੋਆ ਸਮੇਤ ਕੁਝ ਸਾਥੀ ਜੇਲ ਵਿੱਚ ਹਨ । ਪੁਲਿਸ ਦੁਆਰਾ ਲਗਾਤਾਰ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਸ਼ਾਦੀਹਰੀ ਤੋਂ ਆਗੂ ਲਖਵਿੰਦਰ ਸਿੰਘ ਨੂੰ ਸੰਗਰੂਰ ਪੁਲਿਸ ਦੁਆਰਾ ਗ੍ਰਿਫਤਾਰ ਕੀਤੇ ਜਾਣ ਦੀ ਵੀ ਔਰਤ ਵਿੰਗ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਆਗੂਆਂ ਕਿਹਾ ਕਿ ਜਮੀਨ ਦੀ ਕਾਣੀ ਵੰਡ ਦੇ ਖਿਲਾਫ ਇਹ ਸੰਘਰਸ਼ ਜਾਰੀ ਰਹੇਗਾ। ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਿੱਚ ਹਜ਼ਾਰਾਂ ਔਰਤਾਂ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਦੇ ਮੈਦਾਨ ਵਿੱਚ ਆਉਂਦੀਆਂ ਹਨ ਪਰ ਸਮੇਂ ਦੀ ਚੁਣੌਤੀ ਦੇ ਮੁਤਾਬਿਕ ਅੱਜ ਔਰਤਾਂ ਦੀ ਜੋਨਲ ਕਮੇਟੀ ਦੀ ਚੋਣ ਕੀਤੀ ਗਈ।

ਆਗੂਆਂ ਨੇ ਕਿਹਾ ਕਿ 25 ਜੁਲਾਈ ਨੂੰ ਸੰਗਰੂਰ ਵਿਖੇ ਗ੍ਰਿਫਤਾਰ ਸਾਥੀਆਂ ਦੀ ਰਿਹਾਈ ਲਈ ਜਥੇਬੰਦੀ ਉੱਪਰ ਲਾਈ ਅਣਐਲਾਨੀ ਪਾਬੰਦੀ ਹਟਾਉਣ ਲਈ, ਸੀਲਿੰਗ ਐਕਟ ਤੋਂ ਉੱਪਰਲੀ ਜਮੀਨ ਵੰਡਾਉਣ ਅਤੇ ਪੁਲਿਸ ਰਾਜ ਬਣਾਉਣ ਦੇ ਖਿਲਾਫ ਕੀਤੀ ਜਾ ਰਹੀ ਰੈਲੀ ਵਿੱਚ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਔਰਤ ਵਿੰਗ ਵੱਲੋਂ ਹਜ਼ਾਰਾਂ ਔਰਤਾਂ ਸ਼ਮੂਲੀਅਤ ਕਰਨਗੀਆਂ ।

ਇਸ ਮੌਕੇ ਜਸਬੀਰ ਕੌਰ ਹੇੜੀ ਕੇ ਪ੍ਰਧਾਨ ਸੁਖਵਿੰਦਰ ਕੌਰ ਮੰਡੇੜ ਸਕੱਤਰ ਗੁਰਦੇਵ ਕੌਰ ਮੀਤ ਪ੍ਰਧਾਨ ਅਤੇ ਰਾਜ ਕੌਰ ਬਡਰੁੱਖਾਂ ਖਜਾਨਚੀ ਸਮੇਤ ਅਮਨਦੀਪ ਕੌਰ, ਸੁਖਵਿੰਦਰ ਕੌਰ ਨਰਮਾਣਾ, ਭਜਨ ਕੌਰ ਝਨੇੜੀ, ਪਰਮਜੀਤ ਕੌਰ ਬਾਲਦ ਕਲਾਂ, ਕੁਲਜਿੰਦਰ ਕੌਰ ਮੰਡੇੜ, ਕੁਲਜੀਤ ਕੌਰ ਬਿਨਾਹੇੜੀ, ਕਿਰਨਜੀਤ ਕੌਰ ਕਕਰਾਲਾ, ਕਿਰਨਜੀਤ ਕੌਰ ਤੇਲੇਵਾਲ ਆਧਾਰਤ ਜੋਨਲ ਕਮੇਟੀ ਦੀ ਚੋਣ ਕੀਤੀ ਗਈ। ਜਿਸ ਨੂੰ ਸਾਰੀਆਂ ਔਰਤਾਂ ਨੇ ਹੱਥ ਖੜੇ ਕਰਕੇ ਪਾਸ ਕੀਤਾ। ਇਸ ਤੋਂ ਇਲਾਵਾ ਵੱਖ ਵੱਖ ਪਿੰਡਾਂ ਦੀਆਂ ਔਰਤਾਂ ਜੋ 20 ਮਈ ਦੇ ਬੇਗਮਪੁਰੇ ਪ੍ਰੋਗਰਾਮ ਮੌਕੇ ਜੇਲ੍ਹ ਵਿੱਚ ਗਈਆਂ ਉਹਨਾਂ ਦਾ ਸਨਮਾਨ ਕੀਤਾ ਗਿਆ।

ਸਟੇਜ ਸਕੱਤਰ ਦੀ ਭੂਮਿਕਾ ਰਾਜ ਕੌਰ ਬਡਰੁੱਖਾਂ ਨੇ ਨਿਭਾਈ।

# ਰੋਟਰੀ ਕਲੱਬ ਮੋਰਿੰਡਾ ਵਲੋਂ ਮੁਫ਼ਤ ਸਿਲਾਈ ਕੋਰਸ ਸ਼ੁਰੂ

## ਸਮਾਜ ਸੇਵਕ ਅਵਤਾਰ ਸਿੰਘ ਵਲੋਂ ਫੈਸ਼ਨ ਮੇਕਰ ਮਸ਼ੀਨ ਕਲੱਬ ਨੂੰ ਦਾਨ

"Equality and justice" Patiala 12 July
INTERNATIONAL PAPER, 9463601616
hardipchumber57@gmail.com



ਮੋਰਿੰਡਾ 12 ਜੁਲਾਈ (ਪਤਰ ਪ੍ਰੇਰਕ) ਰੋਟਰੀ ਕਲੱਬ ਮੋਰਿੰਡਾ ਵਲੋਂ ਸਮਾਜਿਕ ਸੰਸਥਾ ਸਿੰਗਰ ਇੰਡੀਆ ਦੇ ਸਹਿਯੋਗ ਨਾਲ ਮੋਰਿੰਡਾ ਵਿਖੇ ਮੁਫਤ ਸਿਲਾਈ ਕੋਰਸ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਘੇ ਸਮਾਜ ਸੇਵਕ ਡਾ ਨਿਰਮਲ ਧਿਮਾਨ ਨੇ ਦੱਸਿਆ ਕਿ ਰੋਟਰੀ ਕਲੱਬ ਮੋਰਿੰਡਾ ਵਲੋਂ ਪਿਛਲੇ 35 ਸਾਲਾਂ ਤੋਂ ਲਗਾਤਾਰ ਸਿਲਾਈ ਸੈਂਟਰ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਇਲਾਕੇ ਦੀਆਂ ਲੋੜਵੰਦ ਅਤੇ ਗਰੀਬ ਲੜਕੀਆਂ ਨੂੰ ਮੁਫਤ ਸਿਲਾਈ ਦਾ ਕੋਰਸ ਕਰਵਾਇਆ ਜਾ ਰਿਹਾ ਹੈ। ਇਸ ਸਮੇਂ ਦੌਰਾਨ ਅਨੇਕਾਂ ਲੋੜਵੰਦ ਲੜਕੀਆਂ ਸਿਲਾਈ ਦਾ ਕੋਰਸ ਕਰਕੇ ਅਪਣੇ ਪੈਰਾਂ ਤੇ ਖੜ੍ਹਾ ਹੋ ਗਈਆਂ ਹਨ। ਇਹ ਕੋਰਸ ਛੇ ਮਹੀਨੇ ਵਿੱਚ ਮੁਕੰਮਲ ਕੀਤਾ ਜਾਂਦਾ ਹੈ। ਇਸ ਸਿਲਾਈ ਸੈਂਟਰ ਵਿਚ ਮੈਡਮ ਗੁਰਪ੍ਰੀਤ ਕੌਰ ਅਪਣੀਆਂ ਸੇਵਾਵਾਂ ਨਿਭਾ ਰਹੇ ਹਨ। ਡਾ ਧਿਮਾਨ ਨੇ ਦੱਸਿਆ ਕਿ ਇਸ ਸਮੇਂ ਰੋਟਰੀ ਕਲੱਬ ਦੇ ਵੋਕੇਸ਼ਨਲ ਸਰਵਿਸ ਦੇ ਡਾਇਰੈਕਟਰ ਨੇ ਇਕ ਫੈਸ਼ਨ ਮੇਕਰ ਮਸ਼ੀਨ ਕਲੱਬ ਨੂੰ ਭੇਟ ਕੀਤੀ।ਇਸ ਮੌਕੇ ਹਰਜੀਤ ਸਿੰਘ ਸੱਲਾ, ਗੁਰਿੰਦਰ ਸਿੰਘ ਗੋਗੀ ਵੀ ਹਾਜ਼ਰ ਸਨ। ਇਸ ਮੌਕੇ ਡਾ ਨਿਰਮਲ ਧਿਮਾਨ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸੈਂਟਰ ਦਾ ਲਾਭ ਲੈਂਦੇ ਹੋਏ ਆਪਣੀ ਬੱਚੀਆਂ ਨੂੰ ਸਿਲਾਈ, ਕਢਾਈ ਦਾ ਕੋਰਸ ਕਰਵਾ ਕੇ ਅਪਣੇ ਪੈਰਾਂ ਤੇ ਖੜਾ ਕਰਨ ਵਿੱਚ ਸਹਾਈ ਹੋਣ।ਨਾਮਵਰ ਸਮਾਜਿਕ ਸੰਸਥਾ ਸਿੰਗਰ ਇੰਡੀਆ ਵਲੋਂ ਜਾਰੀ ਸਰਟੀਫਿਕੇਟ ਨੌਕਰੀ ਲੈਣ ਵਿੱਚ ਸਹਾਇਕ ਸਿੱਧ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਮੈਂਬਰ ਅਤੇ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਮਾਹਿਲ ਗਹਿਲਾ ਦੇ ਨੈਸ਼ਨਲ ਫੁੱਟਬਾਲ ਖਿਡਾਰੀ ਕਲਦੀਪ ਦੀ ਯਾਦ 'ਚ ਮੌਨ ਰੱਖਿਆ,,,ਸਰਬਜੀਤ ਮੰਗੂਵਾਲ

"Equality and justice"
Patiala 12 July
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )ਨੈਸ਼ਨਲ ਫੁੱਟਬਾਲ ਖਿਡਾਰੀ ਕੁਲਦੀਪ ਦੀ ਮੌਤ ਦੇ ਗਹਿਰੇ ਦੁੱਖ ਦੀ ਖਬਰ 'ਚ ਮਾਹਿਲ ਗਹਿਲਾ ਦੇ ਸਰਪੰਚ ਪਹਿਲਵਾਨ ਸੰਦੀਪ ਸਿੰਘ ਨੇ ਕਿਹਾ ਕਿ ਚੱਕ ਸਿੰਘਾ ਵਾਲੇ ਅੱਜ ਦੇ ਮੈਚ ਦਾ ਟਾਈਮ ਕਲ ਤੇ ਕਰਵਾ ਲਓ ਕਿਓਂਕਿ ਸਾਰੇ ਖਿਡਾਰੀ ਨਿਰਾਸ਼ਾਜਨਕ ਹਾਲਤ ਵਿੱਚ ਹਨ। ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਮੈਂ ਓਸੇ ਵੇਲੇ ਟੂਰਨਾਮੈਂਟ ਦੇ ਪ੍ਰਬੰਧਕ ਲੱਖੀ ਨੂੰ ਫੋਨ ਕੀਤਾ ਤਾਂ ਉਸ ਨੇ ਸਾਡਾ ਮੈਚ ਅਗਲੇ ਦਿਨ ਕਰਵਾਉਣ ਲਈ ਹਾਂ ਕਰ ਦਿੱਤੀ ਤੇ ਦੂਜੇ ਦਿਨ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਕੁਲਦੀਪ ਦੀ ਯਾਦ ਵਿੱਚ ਇਕ ਮਿੰਟ ਦਾ ਮੌਨ ਰੱਖਿਆ ਗਿਆ। ਸਰਬਜੀਤ ਮੰਗੂਵਾਲ ਨੇ ਕਿਹਾ ਕਿ ਕੁਲਦੀਪ ਦੂਜੇ-ਤੀਜੇ ਦਿਨ ਗਰਾਉਂਡ ਵਿੱਚ ਆ ਕੇ ਅਕੈਡਮੀ ਦੇ ਖਿਡਾਰੀਆਂ ਨਾਲ ਫੰਡਾਮੈਂਟਲ ਸਕਿਲਜ ਕਰਦਾ ਤੇ ਬਾਅਦ ਵਿੱਚ ਕਲੱਬ ਦੇ ਖਿਡਾਰੀਆਂ ਨਾਲ ਗੇਮ ਵੀ ਲਾਉਂਦਾ। ਇਸੇ ਤਰਾਂ ਕਲ ਵੀ ਉਹ ਗਰਾਉਂਡ ਵਿੱਚ ਆਉਂਦੇ ਸਾਰ ਪਹਿਲਾਂ ਵਾਂਙੂੰ ਮੇਰੇ ਗੋਡੀਂ ਹੱਥ ਲਾ ਕੇ ਕੋਲ ਖੜੇ ਖਿਡਾਰੀ ਰਾਜੂ ਦੀ ਲੱਤ ਨੂੰ ਘੁੱਟ ਕੇ ਫੜਦਿਆਂ ਹਾਸੇ ਵਿਚ ਗੋਡੀਂ ਹੱਥ ਲਗਾਇਆ। ਖੁਸ਼ ਮਿਜਾਜ ਵਿੱਚ ਮਿਲਣ ਤੋਂ ਬਾਅਦ ਮੰਦੀਪ ਮੰਨੇ ਹੋਰਾਂ ਨਾਲ ਗੇਮ ਵੀ ਲਗਾਈ। ਇਹ ਨਹੀਂ ਸੀ ਪਤਾ ਕਿ ਉਹ ਸੈਸ਼ਨ ਸਾਡੀ ਮਿਲਣੀ ਦਾ ਆਖਰੀ ਸਮਾਂ ਹੋ ਨਿਬੜੇਗਾ। ਕੁਲਦੀਪ ਮਾਹਿਲ ਗਹਿਲਾ ਦਾ ਨਾਮ ਗਿਣਵੇਂ ਚੋਟੀ ਦੇ ਫੁੱਟਬਾਲ ਖਿਡਾਰੀਆਂ ਦੀ ਸੂਚੀ 'ਚ ਸ਼ਾਮਿਲ ਹੈ। ਉਸ ਦੀ ਕਪਤਾਨੀ ਹੇਠ ਸਿੱਖ ਨੈਸ਼ਨਲ ਕਾਲਜ ਬੰਗਾ ਨੇ ਗੁਰੂ ਨਾਨਕ ਦੇਵ ਯੂਨਵਰਸਿਟੀ ਦੀ ਪਹਿਲੀ ਵਾਰ ਇੰਟਰ-ਕਾਲਜ ਚੈਂਪੀਅਨਸ਼ਿਪ ਜਿੱਤ ਕੇ ਇਲਾਕੇ ਵਿੱਚ ਤਹਿਲਕਾ ਮਚਾ ਦਿੱਤਾ ਸੀ। ਕੁਲਦੀਪ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਨਾਲ ਉਸ ਦੇ ਪਰਿਵਾਰ, ਪਿੰਡ, ਇਲਾਕੇ ਤੇ ਫੁੱਟਬਾਲ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਸੀਂ ਇਸ ਦੁਖਦਾਈ ਘੜੀ ਵਿੱਚ ਹਰ ਸਮੇਂ ਉਸ ਦੇ ਪਰਿਵਾਰ ਨਾਲ ਦੁੱਖ ਵਿੱਚ ਸ਼ਰੀਕ ਹੁੰਦੇ ਹਾਂ।

# ਰਹਿਣ-ਸਹਿਣ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਨਾਲ ਮਨੁੱਖੀ ਸਰੀਰ ਵਿਚ ਗੁਰਦੇ ਦੀ ਪੱਥਰੀ ਬਣਦੀ ਹੈ : ਡਾ. ਅਮਿਤ ਸੰਧੂ

"Equality and justice"
Patiala 12 July
INTERNATIONAL PAPER, 94636 01616
hardipchumber57@gmail.com

ਬੰਗਾ 12 ਜੁਲਾਈ (ਚਰਨਜੀਤ ਸੱਲ੍ਹਾਂ):- ਸਾਡੀਆਂ ਰਹਿਣ-ਸਹਿਣ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਕਰਕੇ ਸਰੀਰ ਵਿਚ ਗੁਰਦੇ ਦੀ ਪੱਥਰੀ ਬਣਦੀ ਹੈ ਅਤੇ ਜਿਸ ਕਰਕੇ ਮਰੀਜ਼ ਨੂੰ ਬਹੁਤ ਤੇਜ਼ ਦਰਦ ਸਹਿਣਾ ਪੈਂਦਾ ਹੈ । ਇਸ ਜਾਣਕਾਰੀ ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਯੂਰੋਲੌਜੀ ਵਿਭਾਗ ਵਿਚ ਗੁਰਦਿਆਂ ਦੀਆਂ ਪੱਥਰੀਆਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਅਮਿਤ ਸੰਧੂ ਐੱਮ.ਐੱਸ., ਐੱਮ. ਸੀ.ਐੱਚ. ਨੇ ਗੱਲਬਾਤ ਕਰਦੇ ਦਿੱਤੀ । ਉਹਨਾਂ ਨੇ ਗੁਰਦਿਆਂ ਦੀ ਪੱਥਰੀ ਬਾਰੇ ਜਾਣਕਾਰੀ ਦਿੰਦੇ ਦੱਸਿਆ ਸਰੀਰ ਵਿੱਚੋਂ ਬਾਹਰ ਨਿਕਲਦੇ ਫਾਲਤੂ ਖਣਿਜ ਪਦਾਰਥ ਗੁਰਦੇ ਵਿੱਚ ਜਮ੍ਹਾਂ ਹੋ ਜਾਣ ਤਾਂ ਉਹ ਪੱਥਰੀ ਦਾ ਰੂਪ ਧਾਰ ਲੈਂਦੇ ਹਨ । ਇਹਨਾਂ ਵਿਚ ਮੁੱਖ ਤੌਰ 'ਤੇ ਕੈਲਸ਼ੀਅਮ ਅਤੇ ਯੂਰਿਕ ਐਸਿਡ ਸ਼ਾਮਿਲ ਹੁੰਦਾ ਹੈ । ਡਾ. ਸੰਧੂ ਨੇ ਦੱਸਿਆ ਕਿ ਪਿਸ਼ਾਬ ਵਿੱਚ ਕੈਲਸ਼ੀਅਮ ਅਕਸਲੇਟ ਦੀ ਮਾਤਰਾ ਵੱਧਣ ਜਾਂ ਸਿਟਰੇਟ ਦੀ ਮਾਤਰਾ ਘੱਟਣ ਕਾਰਨ ਵੀ ਪੱਥਰੀ ਬਣ ਸਕਦੀ ਹੈ । ਇਸ ਤਰ੍ਹਾਂ ਜੇ ਪੇਟ ਵਿਚੋਂ ਦਰਦ ਸ਼ੁਰੂ ਹੋ ਕੇ ਪਿੱਠ ਵੱਲ ਜਾਵੇ ਤਾਂ ਗੁਰਦੇ ਵਿਚ ਪੱਥਰੀ ਹੋਣ ਦੀ ਸੰਭਾਵਨਾ ਹੁੰਦੀ ਹੈ । ਉਸ ਸਮੇਂ ਮਰੀਜ਼ ਨੂੰ ਬਹੁਤ ਤੇਜ਼ ਦਰਦ ਹੋ ਸਕਦਾ ਹੈ, ਪਿਸ਼ਾਬ ਵਿੱਚ ਖੂਨ ਆ ਸਕਦਾ ਹੈ ਅਤੇ ਪਿਸ਼ਾਬ ਰੁਕ ਵੀ ਸਕਦਾ ਹੈ । ਇਸ ਲਈ ਪੇਟ ਦਾ ਅਲਟਰਾ ਸਾਊਂਡ ਸਕੈਨ ਕਰਵਾ ਕੇ ਪੱਥਰੀ ਦਾ ਪਤਾ ਲੱਗਾਇਆ ਜਾਂਦਾ ਹੈ । ਡਾ. ਸੰਧੂ ਨੇ ਦੱਸਿਆ ਕਿ ਗੁਰਦੇ ਦੀ ਪੱਥਰੀ ਤੋਂ ਬਚਣ ਲਈ ਆਪਣੀ ਖੁਰਾਕ ਨੂੰ ਸੁੰਤਲਿਤ ਰੱਖਣਾ ਪਵੇਗਾ । ਖਾਣ-ਪੀਣ ਅਤੇ ਨਿਯਮਤ ਰੂਪ ਵਿੱਚ ਸਹੀ ਮਾਤਰਾ ਵਿਚ ਰੋਜ਼ਾਨਾ ਪਾਣੀ ਪੀਣ ਨਾਲ ਪੱਥਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਇੱਕ ਵਾਰ ਪੱਥਰੀ ਬਣ ਜਾਣ ਤੋਂ ਬਾਅਦ ਦੁਬਾਰਾ ਬਣਨ ਦੀ ਬਹੁਤ ਸੰਭਾਵਨਾ ਰਹਿੰਦੀ ਹੈ । ਮੌਜੂਦਾ ਸਮੇਂ ਵਿਚ ਔਰਤਾਂ ਅਤੇ ਮਰਦਾਂ ਵਿਚ ਕਿਸੇ ਵੀ ਉਮਰ ਵਿਚ ਪੱਥਰੀਆਂ ਦੀ ਸਮੱਸਿਆ ਪੈਦਾ ਹੋ ਸਕਦੀ ਹੈ । ਉਹਨਾਂ ਦੱਸਿਆ ਕਿ ਗੁਰਦਿਆਂ ਵਿਚ ਛੋਟੀਆਂ ਪੱਥਰੀਆਂ ਹੋਣ ਦੀ ਸੂਰਤ ਵਿਚ ਇਹ ਦਵਾਈਆਂ ਦੀ ਸਹਾਇਤਾ ਨਾਲ ਪਿਸ਼ਾਬ ਰਾਹੀਂ ਬਾਹਰ ਨਿਕਲ ਜਾਂਦੀਆਂ ਹਨ । ਪਰ ਵੱਡੀਆਂ ਪੱਥਰੀਆਂ ਹੋਣ ਜਾਂ ਪਿਸ਼ਾਬ ਨਲੀ ਵਿਚ ਫਸੇ ਹੋਣ ਦੀ ਸੂਰਤ ਵਿਚ ਦੂਰਬੀਨ (ਐਂਡੋਸਕੋਪਿਕ ਸਰਜਰੀ) ਰਾਹੀਂ ਅਪਰੇਸ਼ਨ ਕਰਕੇ ਇਲਾਜ ਕੀਤਾ ਜਾ ਸਕਦਾ ਹੈ । ਇਸ ਲਈ ਸਮੇਂ ਸਿਰ ਮਾਹਿਰ ਡਾਕਟਰ



ਸਾਹਿਬਾਨ ਤੋਂ ਚੈੱਕਅੱਪ ਕਰਵਾ ਕਰਵਾਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ । ਉਹਨਾਂ ਦੱਸਿਆ ਕਿ ਯੂਰੋਲੌਜੀ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੁਰਦਿਆਂ ਦੀਆਂ ਪੱਥਰੀਆਂ ਦੇ ਇਲਾਜ ਤੇ ਅਪਰੇਸ਼ਨ ਲਈ ਆਧੁਨਿਕ ਪ੍ਰਬੰਧ ਹਨ ਅਤੇ ਮਰੀਜ਼ਾਂ ਦਾ ਰੋਜ਼ਾਨਾ ਚੈੱਕਅੱਪ ਹੁੰਦਾ ਹੈ ।

ਫੋਟੋ :- ਡਾ. ਅਮਿਤ ਸੰਧੂ ਗੁਰਦਿਆਂ ਦੀਆਂ ਪੱਥਰੀਆਂ ਦੇ ਅਪਰੇਸ਼ਨਾਂ ਦੇ ਮਾਹਿਰ, ਯੂਰੋਲੌਜੀ ਵਿਭਾਗ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ

# ਪੰਜਾਬ ਪ੍ਰਭਾਵੀ ਮਨੀਸ਼ ਸਸੋਦੀਆ ਜੀ ਦੇ ਨਿਰਦੇਸ਼ਾਂ ਅਨੁਸਾਰ ਮੁੱਲਾਪੁਰ ਵਿਖੇ ਮੀਟਿੰਗ

"Equality and justice"
Patiala 12 July
INTERNATIONAL PAPER, 94636 01616
hardipchumber57@gmail.com



ਲੁਧਿਆਣਾ ( ਵਤਨਪ੍ਰੀਤ ਬੋਪਾਰਾਏ ) ਅੱਜ ਆਮ ਆਦਮੀ ਪਾਰਟੀ ਪੰਜਾਬ ਸੋਸ਼ਲ ਮੀਡੀਆ ਮਾਲਵਾ ਜੋਨ ਸੈਂਟਰਲ ਦੀ ਮੀਟਿੰਗ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮੁੱਲਾਂਪੁਰ ਦਾਖਾਂ ਵਿਖੇ ਜ਼ਿਲਾ ਪ੍ਰਧਾਨ ਤੇਜਪਾਲ ਸਿੰਘ ਗਿੱਲ ਅਤੇ ਚੇਅਰਮੈਨ ਮਾਰਕੀਟ ਕਮੇਟੀ ਹਰਨੇਕ ਸਿੰਘ ਸੇਖੋਂ ਦੀ ਅਗਵਾਈ ਹੇਠ ਮੁੱਲਾਂਪੁਰ ਦਾਖਾਂ ਵਿਖੇ ਹੋਈ। ਜਿਸ ਵਿੱਚ ਸ਼ੋਸ਼ਲ ਮੀਡੀਆ ਜੋਨ ਇੰਚਾਰਜ ਦੀਪਕ ਬਾਤਿਸ਼ ਅਤੇ ਜੋਨ ਸੈਕਟਰੀ ਇੰਦਰਜੀਤ ਸਿੰਘ ਨੇ ਆਮ ਆਦਮੀ ਪਾਰਟੀ ਦੀ ਸੋਸ਼ਲ ਮੀਡੀਆ ਟੀਮ ਨੂੰ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਲੁਧਿਆਣਾ ਦਿਹਾਤੀ ਜ਼ਿਲੇ ਦੇ ਸੋਸ਼ਲ ਮੀਡੀਆ ਦੇ ਅਹੁਦੇਦਾਰ ਤੇ ਵਲੰਟੀਅਰ ਦੀ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਸੋਸ਼ਲ ਮੀਡੀਆ ਰਾਹੀਂ ਹਰ ਪਿੰਡ, ਹਰ ਸ਼ਹਿਰ ਅਤੇ ਹਰ ਘਰ ਤੱਕ ਪਹੁੰਚਾਉਣ ਲਈ ਅਹਿਮ ਵਿਚਾਰਾਂ ਹੋਈਆਂ। ਇਸ ਮੌਕੇ ਚੇਅਰਮੈਨ ਕਰਮਜੀਤ ਸਿੰਘ ,ਚੇਅਰਮੈਨ ਗੁਰਮਿੰਦਰ ਸਿੰਘ ,ਚੇਅਰਮੈਨ ਜਗਦੀਪ ਸਿੰਘ ,ਚੇਅਰਮੈਨ ਬਲੌਰ ਸਿੰਘ ,ਸਤਿੰਦਰ ਸਿੰਘ ਧਾਲੀਵਾਲ ,ਸੋਮਨਾਥ ਸੋਮਾ ਖੇੜੀ ,ਗੁਰਬੀਰ ਝਾਂਡੇ ,ਸੰਦੀਪ ਰਾਏਕੋਟ ,ਰਵਿੰਦਰ ਸ਼ਰਮਾ ,ਪ੍ਰੀਤ ਰਾਏਕੋਟ ,ਸੁਰਜੀਤ ਸਿੰਘ ,ਸਿਮਰਜੀਤ ਸਿੰਘ ,ਬਲਵਿੰਦਰ ਸਿੰਘ ਆਦਿ ਹਾਜਰ ਹੋਏ ।

# ਦਾਣਾ ਮੰਡੀ ਹੁਸ਼ਿਆਰਪੁਰ ਨੂੰ ਮਾਡਲ ਮੰਡੀ ਵਜੋਂ ਕੀਤਾ ਜਾਵੇਗਾ ਵਿਕਸਿਤ - ਆਸ਼ਿਕਾ ਜੈਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਜੁਲਾਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਦਾਣਾ ਮੰਡੀ ਹੁਸ਼ਿਆਰਪੁਰ ਦਾ ਦੌਰਾ ਕਰਕੇ ਉਥੋਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਵੀ ਉਨ੍ਹਾਂ ਦੇ ਨਾਲ ਸਨ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਮੰਡੀ ਵਿਚ ਸਾਫ-ਸਫ਼ਾਈ ਦੀ ਸਥਿਤੀ, ਖੇਤੀਬਾੜੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਸੜਕਾਂ ਤੇ ਸੀਵਰੇਜ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਮੰਡੀ ਵਿਚ ਸਫ਼ਾਈ ਵਿਵਸਥਾ ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਅਤੇ ਵਪਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀ ਵਿਚ ਪੈਦਾ ਹੋਣ ਵਾਲੇ ਖੇਤੀਬਾੜੀ ਰਹਿੰਦ-ਖੂੰਹਦ ਦਾ ਪ੍ਰਬੰਧਨ ਨਗਰ ਨਿਗਮ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਪ੍ਰੋਜੈਕਟ ਤਹਿਤ ਕੀਤਾ ਜਾਵੇਗਾ। ਇਸ ਪ੍ਰੋਜੈਕਟ ਰਾਹੀਂ ਨਾ ਸਿਰਫ਼ ਸਫ਼ਾਈ ਵਿਚ ਸੁਧਾਰ ਕੀਤਾ ਜਾਵੇਗਾ, ਸਗੋਂ ਮੰਡੀ ਨੂੰ ਇਕ ਮਾਡਲ ਮੰਡੀ ਵਜੋਂ ਵਿਕਸਿਤ ਕਰਨ ਵੱਲ ਵੀ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਮੰਡੀ ਦੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਅਤੇ ਸੀਵਰੇਜ ਸਿਸਟਮ ਨੂੰ ਵੀ ਬਿਹਤਰ ਬਣਾਇਆ ਜਾਵੇਗਾ ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਮੰਡੀ ਵਿਚ ਹੋਰ ਬੁਨਿਆਦੀ ਸਮੱਸਿਆਵਾਂ ਦੀ ਪਛਾਣ ਕਰਕੇ ਪੜਾਅਵਾਰ ਹੱਲ ਕੀਤਾ ਜਾਵੇਗਾ। ਚੇਅਰਮੈਨ ਮਾਰਕੀਟ ਕਮੇਟੀ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨਾਲ ਮੰਡੀ ਦਾ ਦੌਰਾ ਕਰਨਾ ਮੰਡੀ ਦੀ ਬਿਹਤਰੀ ਲਈ ਇਕ ਮਹੱਤਵਪੂਰਨ ਕਦਮ ਹੈ। ਅਸੀਂ ਪੂਰੀ ਵਚਨਬੱਧਤਾ ਨਾਲ ਮੰਡੀ ਨੂੰ ਸਾਫ਼-ਸੁਥਰਾ, ਸੁਵਿਧਾਯੁਕਤ ਅਤੇ ਕਿਸਾਨ-ਪੱਖੀ ਬਣਾਵਾਂਗੇ। ਸਫ਼ਾਈ ਪ੍ਰਣਾਲੀ ਦੇ ਨਾਲ-ਨਾਲ ਮੰਡੀ ਦੀਆਂ ਟੁੱਟੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਜਲਦੀ ਸ਼ੁਰੂ ਕੀਤੀ ਜਾਵੇਗੀ ਅਤੇ ਸੀਵਰੇਜ ਪ੍ਰਣਾਲੀ ਦੀ ਸਫ਼ਾਈ ਅਤੇ ਸੁਧਾਰ ਦਾ ਕੰਮ ਵੀ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ, ਲਾਈਟਾਂ, ਸ਼ੈੱਡ ਅਤੇ ਬੈਠਣ ਵਰਗੀਆਂ ਬੁਨਿਆਦੀ ਸਹੂਲਤਾਂ ਵਿਚ ਵੀ ਸੁਧਾਰ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਸਹੂਲਤ ਮਿਲ ਸਕੇ। ਚੇਅਰਮੈਨ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਅਤੇ ਮਾਰਕੀਟ ਕਮੇਟੀ ਦੇ ਇਸ ਸਾਂਝੇ ਉਪਰਾਲੇ ਨਾਲ ਦਾਣਾ ਮੰਡੀ ਨੂੰ ਸੂਬੇ ਦੀਆਂ ਆਦਰਸ਼ ਮੰਡੀਆਂ ਵਿਚ ਸ਼ਾਮਿਲ ਕਰਨ ਵੱਲ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ।

# ਗੈਰ-ਸੰਕਰਮਕ ਬੀਮਾਰੀਆਂ ਤੋਂ ਬਚਾਅ ਲਈ ਆਯੁਸ਼ਮਾਨ ਆਰੋਗਯ ਕੇਂਦਰ ਮੰਡਵਾਰਾ ਵੱਲੋਂ ਪਿੰਡ ਪੰਜੋਲਾ 'ਚ ਵਿਸ਼ੇਸ਼ ਜਾਂਚ ਕੈਂਪ

"Equality and justice"
Patiala 12 July
INTERNATIONAL PAPER, 94636 01616
hardipchumber57@gmail.com



ਰੂਪਨਗਰ, 12 ਜੁਲਾਈ: ਆਯੁਸ਼ਮਾਨ ਆਰੋਗਯ ਕੇਂਦਰ ਮੰਡਵਾਰਾ ਵੱਲੋਂ ਪਿੰਡ ਪੰਜੋਲਾ ਵਿੱਚ ਗੈਰ-ਸੰਕਰਮਕ ਬੀਮਾਰੀਆਂ (ਜਿਵੇਂ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਦਿਲ ਦੀਆਂ ਬੀਮਾਰੀਆਂ ਆਦਿ) ਦੀ ਜਾਂਚ ਅਤੇ ਜਾਗਰੂਕਤਾ ਲਈ ਵਿਸ਼ੇਸ਼ ਸਿਹਤ ਕੈਂਪ ਲਗਾਇਆ ਗਿਆ। ਇਹ ਕੈਂਪ ਕਮਿਊਨਿਟੀ ਹੈਲਥ ਅਫਸਰ ਅਮਨਦੀਪ ਕੌਰ ਅਤੇ ਆਸ਼ਾ ਵਰਕਰ ਜਸਬੀਰ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਦੌਰਾਨ ਪਿੰਡ ਵਾਸੀਆਂ ਦੀ ਸ਼ੂਗਰ, ਬਲੱਡ ਪ੍ਰੈਸ਼ਰ, ਬੀਐਮਆਈ, ਹਿਮੋਗਲੋਬਿਨ ਆਦਿ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਗੈਰ-ਸੰਕਰਮਕ ਬੀਮਾਰੀਆਂ ਤੋਂ ਬਚਾਅ ਸੰਬੰਧੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਪਿੰਡ ਸਰਪੰਚ ਹਰਪ੍ਰੀਤ ਕੌਰ, ਸਮਾਜ ਸੇਵੀ ਪਰਮਿੰਦਰ ਸਿੰਘ, ਪੰਚ ਨਿਰਮਲ ਸਿੰਘ, ਪੰਚ ਗੁਰਮੀਤ ਸਿੰਘ, ਪੰਚ ਬਲਵਿੰਦਰ ਸਿੰਘ ਅਤੇ ਸਕੱਤਰ ਜਸਪਾਲ ਵੀ ਮੌਜੂਦ ਸਨ। ਇਨ੍ਹਾਂ ਨੇ ਇਸ ਤਰ੍ਹਾਂ ਦੇ ਕੈਂਪਾਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਪਿੰਡ ਪੱਧਰ 'ਤੇ ਸਿਹਤ ਜਾਗਰੂਕਤਾ ਅਤਿ ਜ਼ਰੂਰੀ ਹੈ।

ਸਿਨੀਅਰ ਮੈਡੀਕਲ ਅਫਸਰ ਡਾ. ਅਨੰਦ ਘਾਈ ਨੇ ਕਿਹਾ ਕਿ ਗੈਰ-ਸੰਕਰਮਕ ਬੀਮਾਰੀਆਂ ਅੱਜ ਦੇ ਸਮੇਂ ਵਿੱਚ ਸਭ ਤੋਂ ਵਧ ਰਹੀਆਂ ਸਿਹਤ ਸੰਬੰਧੀ ਚੁਣੌਤੀਆਂ ਵਿੱਚੋਂ ਇਕ ਹਨ। ਇਨ੍ਹਾਂ ਬੀਮਾਰੀਆਂ ਤੋਂ ਬਚਾਅ ਲਈ ਸਮੇਂ-ਸਿਰ ਜਾਂਚ, ਸਿਹਤਮੰਦ ਜੀਵਨਸ਼ੈਲੀ ਅਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ। ਸਾਡੇ ਸਿਹਤ ਕੇਂਦਰ ਵੱਲੋਂ ਪਿੰਡ ਪੰਜੋਲਾ ਵਿੱਚ ਲਗਾਇਆ ਗਿਆ ਇਹ ਕੈਂਪ ਲੋਕਾਂ ਦੀ ਭਲਾਈ ਵੱਲ ਇਕ ਪਾਜ਼ੀਟਿਵ ਕਦਮ ਹੈ। ਅਸੀਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਹੋਰ ਪਿੰਡਾਂ ਵਿੱਚ ਵੀ ਲੈ ਕੇ ਜਾਣ ਦੀ ਯੋਜਨਾ ਬਣਾ ਰਹੇ ਹਾਂ, ਤਾਂ ਜੋ ਹਰ ਇੱਕ ਨਾਗਰਿਕ ਤੱਕ ਸਿਹਤ ਸੇਵਾਵਾਂ ਪਹੁੰਚਣ।

ਇਹ ਕੈਂਪ "ਆਯੁਸ਼ਮਾਨ ਭਾਰਤ" ਅਤੇ "ਰਾਸ਼ਟਰੀ ਗੈਰ-ਸੰਕਰਮਕ ਬੀਮਾਰੀ ਨਿਯੰਤਰਣ ਕਾਰਜਕ੍ਰਮ" ਦੇ ਤਹਿਤ ਲਗਾਇਆ ਗਿਆ ਸੀ। ਆਯੁਸ਼ਮਾਨ ਆਰੋਗਯ ਕੇਂਦਰ ਮੰਡਵਾਰਾ ਵੱਲੋਂ ਅਗਲੇ ਦਿਨਾਂ ਵਿੱਚ ਹੋਰ ਪਿੰਡਾਂ ਵਿਚ ਵੀ ਇੰਝ ਦੇ ਕੈਂਪ ਲਗਾਉਣ ਦੀ ਯੋਜਨਾ ਹੈ, ਤਾਂ ਜੋ ਲੋਕਾਂ ਨੂੰ ਘਰ-ਘਰ ਤੱਕ ਸਿਹਤ ਸੇਵਾਵਾਂ ਮਿਲ ਸਕਣ।

# *ਸ. ਐ. ਸ. ਰੌਂਗਲਾ ਵਿੱਚ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ

"Equality and justice"
Patiala 12 July
INTERNATIONAL PAPER, 94636 01616
hardipchumber57@gmail.com




"ਵਧਦੀ ਆਬਾਦੀ ਪੂਰੇ ਸੰਸਾਰ ਲਈ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਪਰ ਸਾਡੇ ਦੇਸ਼ ਦੀ ਜਨ ਸੰਖਿਆ ਸਮੱਸਿਆ ਨੇ ਹੋਰ ਵੀ ਬਹੁਤ ਸਾਰੀਆਂ ਉਲਝਣਾਂ ਪੈਦਾ ਕੀਤੀਆਂ ਹੋਈਆਂ ਹਨ, ਜਿਵੇਂ ਕਿ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਮਿਲਾਵਟਖੋਰੀ ਆਦਿ। ਜੇਕਰ ਸਮਾਜ ਅਤੇ ਸਰਕਾਰ ਨੇ ਇਸ ਸਮੱਸਿਆ ਵੱਲੋਂ ਜਰਾ ਜਿੰਨੀ ਵੀ ਹੋਰ ਢਿੱਲ ਵਰਤੀ, ਤਾਂ ਇਸ ਦੇ ਸਾਨੂੰ ਘਾਤਕ ਨਤੀਜੇ ਭੁਗਤਣੇ ਪੈਣਗੇ। " ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ: ਅਮਰਜੀਤ ਸਿੰਘ ਸੈਂਟਰ ਹੈੱਡ ਟੀਚਰ ਨੇ ਅੱਜ ਸਕੂਲ ਵਿੱਚ ਵਿਸ਼ਵ ਆਬਾਦੀ ਦਿਵਸ ਮੌਕੇ ਕੀਤਾ। ਉਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਛੋਟੇ ਪਰਿਵਾਰ ਵਿੱਚ ਵੱਡੇ ਪਰਿਵਾਰ ਨਾਲੋਂ ਕਿਵੇਂ ਵਧੇਰੇ ਖੁਸ਼ਹਾਲੀ ਰਹਿ ਸਕਦੀ ਹੈ। ਇਸ ਮੌਕੇ ਬੱਚਿਆਂ ਨੇ ਪੋਸਟਰ ਬਣਾਏ ਅਤੇ ਸਲੋਗਨ ਲੇਖਣ ਮੁਕਾਬਲੇ ਵਿੱਚ ਭਾਗ ਲਿਆ। ਸਮੂਹ ਸਟਾਫ਼ ਵੱਲੋਂ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ।

# ਟਰੈਕਟਰ ਅਤੇ ਮਹਿੰਦਰਾ ਗੱਡੀ ਦੀ ਜ਼ਬਰਦਸਤ ਟੱਕਰ ਚ,ਚਾਲਕਾਂ ਦਾ ਬਚਾ

"Equality and justice" Patiala 12 July INTERNATIONAL PAPER, 9463601616 hardipchumber57@gmail.com



ਗੜ੍ਹਸ਼ੰਕਰ 12 ਜੁਲਾਈ (ਬਲਵੀਰ chopra) ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਰੋਡ ਤੇ ਪੈਂਦੇ ਅੱਡਾ ਗੋਲੀਆਂ ਨਜ਼ਦੀਕ ਇਕ ਟਰੈਕਟਰ ਟਰਾਲੀ ਅਤੇ ਮਹਿੰਦਰਾ ਪਿੱਕਅਪ ਦੀ ਸਿੱਧੀ ਟੱਕਰ ਹੋ ਗਈ l ਜਿਸ ਵਿਚ ਚਾਲਕਾਂ ਦਾ ਬਾਲ ਬਾਲ ਬਚਾ ਹੋ ਗਿਆ l ਮਿਲੀ ਜਾਣਕਾਰੀ ਅਨੁਸਾਰ ਟਰੈਕਟਰ ਨੰਬਰ ਪੀ ਬੀ 03 ਏ ਜੇ 1978 ਦੇ ਚਾਲਕ ਬਸੰਤ ਸਿੰਘ ਪੁੱਤਰ ਬੂਟਾ ਸਿੰਘ ਪਿੰਡ ਕੋਠਾ ਗੁਰੂ ਕਾ ਜ਼ਿਲ੍ਹਾ ਬਠਿੰਡਾ ਨੇ ਦੱਸਿਆ ਕਿ ਉਹ ਸੈਲਾ ਖੁਰਦ ਫ਼ੈਕਟਰੀ ਤੋਂ ਆ ਰਿਹਾ ਸੀ ਜਦੋਂ ਗੋਲੀਆਂ ਕੋਲ ਪਹੁੰਚਿਆ ਤਾਂ ਸਾਹਮਣੇ ਤੋਂ ਆ ਰਹੀ ਮਹਿੰਦਰਾ ਪਿੱਕਅਪ ਨੰਬਰ ਐਚ ਪੀ 12 ਕੇ 3779 ਜ਼ਬਰਦਸਤ ਟੱਕਰ ਹੋ ਗਈ ਜਿਸਨੂੰ ਚਰਨਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਪਿੰਡ ਲਾਲੜੂ ਮੰਡੀ ਚਲਾ ਰਿਹਾ ਸੀ ਹਾਦਸੇ ਵਿੱਚ ਦੋਵੇਂ ਚਾਲਕਾਂ ਦਾ ਬਚਾ ਹੋ ਗਿਆ ਅਤੇ ਮਹਿੰਦਰਾ ਗੱਡੀ ਸੋਨਾਲੀਕਾ ਹੁਸ਼ਿਆਰਪੁਰ ਵਿਖੇ ਸਪੇਅਰ ਪਾਰਟਸ ਲੈਕੇ ਜਾ ਰਿਹਾ ਸੀ ਹਾਦਸੇ ਵਿੱਚ ਦੋਵੇਂ ਗੱਡੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ l ਮੌਕੇ ਤੇ ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮਾਂ ਨੇ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦਿੱਤੀ ਅਤੇ ਜਾਂਚ ਪੜ੍ਹਤਾਲ ਸੁਰੂ ਕਰ ਦਿੱਤੀ l

# ਅਰਲੀ ਸਕਿੱਲਸ ਲੈਬਸ ਪ੍ਰਾਈਵੇਟ ਲਿਮਿ: ਕੰਪਨੀ ਵੱਲੋਂ ਪਲੇਸੈਂਟ ਕੈਂਪ 14 ਜੁਲਾਈ ਨੂੰ

"Equality and justice" Patiala 12 July INTERNATIONAL PAPER, 9463601616 hardipchumber57@gmail.com

ਸੰਗਰੂਰ, 12 ਜੁਲਾਈ (ਜਗਸੀਰ ਲੌਂਗੋਵਾਲ) - ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਅਰਲੀ ਸਕਿੱਲਸ ਲੈਬਸ ਪ੍ਰਾਈਵੇਟ ਲਿਮਿ: ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 14 ਜੁਲਾਈ ਦਿਨ ਸੋਮਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਸੰਗਰੂਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ ਵੀ ਆਰ ਐਮ/ਵੀ ਆਰ ਓ (ਲੜਕੇ,ਲੜਕੀਆਂ ਦੋਵਾਂ ਲਈ), ਸੇਲਜ਼ ਆਫ਼ੀਸਰ (ਲੜਕੇ,ਲੜਕੀਆਂ ਦੋਵਾਂ ਲਈ), ਐਗਜ਼ੀਕਿਊਟਿਵ (ਕੇਵਲ ਲੜਕੇ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ ਵੀ ਆਰ ਐਮ/ਵੀ ਆਰ ਓ ਅਤੇ ਸੇਲਜ਼ ਆਫ਼ੀਸਰ ਅਤੇ ਸੇਲਜ਼ ਆਫ਼ੀਸਰ ਲਈ ਗਰੈਜੂਏਸ਼ਨ ਪਾਸ ਅਤੇ ਐਗਜ਼ੀਕਿਊਟਿਵ ਲਈ 12ਵੀਂ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵੀ ਆਰ ਐਮ/ਵੀ ਆਰ ਓ ਅਤੇ ਸੇਲਜ਼ ਆਫ਼ੀਸਰ ਅਤੇ ਸੇਲਜ਼ ਆਫ਼ੀਸਰ (ਉਮਰ 18 ਤੋਂ 30 ਸਾਲ), ਐਗਜ਼ੀਕਿਊਟਿਵ (ਉਮਰ 18 ਤੋਂ 27 ਸਾਲ) ਹੋਣੀ ਚਾਹੀਦੀ ਹੈ।

ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ




ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

# ਮੱਛਰ ਮੁਕਤੀ ਮੁਹਿੰਮ: ਭਰਤਗੜ੍ਹ ਦੇ ਦਫ਼ਤਰਾਂ 'ਚ ਐਂਟੀ ਲਾਰਵਾ ਛਿੜਕਾਅ

"Equality and justice" Patiala 12 July INTERNATIONAL PAPER, 9463601616 hardipchumber57@gmail.com




ਕਿਰਤਪੁਰ ਸਾਹਿਬ, 12 ਜੁਲਾਈ – ਸਿਵਲ ਸਰਜਨ ਡਾ. ਬਲਵਿੰਦਰ ਕੌਰ ਜੀ ਵੱਲੋਂ ਪ੍ਰਾਪਤ ਯੋਗ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਜੀ ਦੀ ਅਗਵਾਈ ਹੇਠ ਮਲੇਰੀਆ, ਡੇਂਗੂ, ਚਿਕਨਗੁਨੀਆ ਆਦਿ ਮੱਛਰਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਣ ਲਈ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਰਾਸ਼ਟਰੀ ਵੈਕਟਰ ਬੋਰਨ ਰੋਗ ਰੋਕਥਾਮ ਯੋਜਨਾ (ਨੈਸ਼ਨਲ ਵੈਕਟਰ ਬੋਰਨ ਡੀਜੀਜ਼ ਕੰਟਰੋਲ ਪ੍ਰੋਗਰਾਮ) ਦੇ ਤਹਿਤ ਪਿੰਡ ਭਰਤਗੜ੍ਹ ਵਿੱਚ ਸਿਹਤ ਵਿਭਾਗ ਦੇ ਪੈਰਾ-ਮੈਡੀਕਲ ਕਰਮਚਾਰੀ ਨਵੀਨ ਕੁਮਾਰ ਅਤੇ ਬਰੀਡਿੰਗ ਚੈਕਰ ਅਮਨ ਵੱਲੋਂ ਪਿੰਡ ਭਰਤਗੜ੍ਹ ਵਿੱਚ ਸਥਿਤ ਵੱਖ-ਵੱਖ ਸਰਕਾਰੀ ਦਫ਼ਤਰਾਂ ਜਿਵੇਂ ਕਿ ਸਕੂਲ, ਪੰਚਾਇਤ ਘਰ, ਅੰਗਨਵਾੜੀ ਕੇਂਦਰ, ਰੇਸ਼ਨ ਡਿਪੋ, ਥਾਣਾ ਆਦਿ ਵਿੱਚ ਐਂਟੀ ਲਾਰਵਾ ਛਿੜਕਾਅ ਕੀਤਾ ਗਿਆ। ਉਨ੍ਹਾਂ ਨੇ ਪਾਣੀ ਇਕੱਠਾ ਹੋਣ ਵਾਲੀਆਂ ਥਾਵਾਂ ਦੀ ਜਾਂਚ ਕਰਕੇ ਉਥੇ ਲਾਰਵਾ ਨਸ਼ਟ ਕਰਨ ਵਾਲੀ ਦਵਾਈ ਦਾ ਛਿੜਕਾਅ ਕੀਤਾ। ਇਹ ਉਪਰਾਲਾ ਸਿੱਧਾ ਤੌਰ 'ਤੇ ਮੱਛਰਾਂ ਦੀ ਪੈਦਾਵਾਰ ਰੋਕਣ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਵੱਲ ਇਕ ਵਧੀਆ ਕਦਮ ਹੈ।

ਇਸ ਮੌਕੇ ਸੀਨੀਅਰ ਸਿਹਤ ਅਧਿਕਾਰੀ ਡਾਕਟਰ ਆਨੰਦ ਘਈ ਨੇ ਆਖਿਆ ਕਿ ਮੱਛਰਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਲਈ ਸਭ ਤੋਂ ਵਧੀਆ ਇਲਾਜ ਉਹਨਾਂ ਤੋਂ ਬਚਾਅ ਹੈ। ਸਾਡੇ ਬਲਾਕ ਵਿੱਚ ਸਿਹਤ ਵਿਭਾਗ ਦੀ ਟੀਮ ਨਿਯਮਤ ਤੌਰ 'ਤੇ ਪਾਣੀ ਵਾਲੀਆਂ ਥਾਵਾਂ ਦੀ ਜਾਂਚ ਕਰ ਰਹੀ ਹੈ ਅਤੇ ਲਾਰਵਾ ਮਿਲਣ 'ਤੇ ਤੁਰੰਤ ਛਿੜਕਾਅ ਕੀਤਾ ਜਾਂਦਾ ਹੈ।

